CARDIFF
HEALTH ALLIANCE

CYNGHRAIR IECHYD
CAERDYDD

# ਚੁਣੌਤੀ ਨੂੰ ਪੂਰਾ ਕਰਨਾ

## ਕਾਰਡਿਫ ਸਿਹਤ, ਸਮਾਜਕ ਦੇਖਭਾਲ ਅਤੇ ਭਲਾਈ ਕਾਰਜ-ਨੀਤੀ
## 2005-2008

### ਸਾਰ-ਅੰਸ਼

# ਭੂਮਿਕਾ

'ਚੁਣੌਤੀ ਨੂੰ ਪੂਰਾ ਕਰਨਾ', ਕਾਰਡਿਫ ਦੀ ਪਹਿਲੀ ਸਿਹਤ, ਸਮਾਜਕ ਦੇਖਭਾਲ ਅਤੇ ਭਲਾਈ ਦੀ ਕਾਰਜ-ਨੀਤੀ ਹੈ। ਇਕ ਨਵੀਂ ਸੰਯੁਕਤ ਕਾਰਡਿਫ ਕੌਂਸਲ ਅਤੇ ਕਾਰਡਿਫ ਸਥਾਨਕ ਸਿਹਤ ਬੋਰਡ 'ਤੇ ਇਕ ਨਵੀਂ ਕਾਨੂੰਨੀ ਲੋੜ ਦੇ ਜਵਾਬ ਵਿਚ ਵਿਕਸਿਤ ਕੀਤੀ ਗਈ ਇਸ ਨੀਤੀ ਦੀ ਬੁਨਿਆਦ ਸਿਹਤ ਅਤੇ ਭਲਾਈ ਵਿਚ ਬੇਹਤਰੀ ਲਿਆਉਣ ਲਈ ਇਕ ਹਿੱਸੇਦਾਰੀ ਦੇ ਨਜ਼ਰੀਏ ਨਾਲ ਰੱਖੀ ਗਈ ਹੈ, ਅਤੇ ਇਹ ਸ਼ਹਿਰ ਵਿਚ ਮੌਜੂਦ ਸਿਹਤ ਦੀਆਂ ਨਾਬਰਾਬਰੀਆਂ ਨੂੰ ਘਟਾ ਕੇ ਪ੍ਰਭਾਵਸ਼ਾਲੀ ਅਤੇ ਸੁਯੋਗ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਨੂੰ ਇਕ ਬਰਾਬਰ ਦੀ ਪਹਿਲ ਬਣਾਉਂਦੀ ਹੈ।

ਕਾਰਜ-ਨੀਤੀ ਨੂੰ ਵਿਕਸਿਤ ਕਰਨ ਦੇ ਸਾਡੇ ਨਜ਼ਰੀਏ ਵਿਚ ਅਸੀਂ ਨਵੀਨਤਾ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਕਾਰਜ-ਨੀਤੀ ਬਣਾਉਣ ਦੀ ਜ਼ਿੰਮੇਵਾਰੀ ਕਾਰਡਿਫ ਸਿਹਤ ਗਠਜੋੜ ਦੇ ਜ਼ਿੰਮੇ ਸੀ, ਜੋ ਕਿ ਸਥਾਨਕ ਅਥਾਰਟੀ, ਐਨ ਐਚ ਐਸ (NHS) ਅਤੇ ਸਵੈ-ਸੇਵੀ ਖੇਤਰ ਦੀ ਹਿੱਸੇਦਾਰੀ ਹੈ।

ਕਾਰਜ-ਨੀਤੀ ਨੂੰ ਵਿਕਸਿਤ ਕਰਨ ਲਈ ਸਲਾਹ-ਮਸ਼ਵਰੇ ਕਰਨਾ ਅਤੇ ਰੁਝੇਵਿਆਂ ਦੀ ਵਿਆਪਕ ਪ੍ਰਕ੍ਰਿਆ ਸਾਡੇ ਨਜ਼ਰੀਏ ਦਾ ਮੁਖ ਕੇਂਦਰ ਰਹੇ ਹਨ। ਇਸ ਵਿਚ ਕਾਰਡਿਫ ਦਾ ਵਿਸ਼ਾਲ ਭਾਈਚਾਰਾ ਅਤੇ ਭਾਈਵਾਲ ਸ਼ਾਮਲ ਕੀਤੇ ਗਏ ਹਨ। ਇਸ ਵਿਚ ਡੇਰੇਕ ਵੈਨਲੈਸ ਦੁਆਰਾ 'ਵੇਲਜ਼ ਵਿਚ ਸਿਹਤ ਅਤੇ ਸਮਾਜਕ ਦੇਖਭਾਲ ਦੀ ਸਮੀਖਿਆ' ਵਿਚ ਕੱਢੇ ਗਏ ਸਿੱਟਿਆਂ ਦਾ ਪ੍ਰਤੀਬਿੰਬ ਸੀ, ਜਿਹਨਾਂ ਵਿਚ ਜਨਤਾ ਨੂੰ ਨਾ ਸਿਰਫ ਆਪਣੀ ਸਿਹਤ ਬੇਹਤਰ ਬਣਾਉਣ ਲਈ ਰੁਝਾਉਣਾ ਸੀ, ਬਲਕਿ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਉਤੇ ਮੁੜ ਧਿਆਨ ਕੇਂਦਰਿਤ ਕਰਨ ਦੀ ਪ੍ਰਕ੍ਰਿਆ ਵਿਚ ਵੀ ਸ਼ਾਮਲ ਕਰਨਾ ਸੀ। ਇਹ ਕਾਰਜ-ਨੀਤੀ ਨਸਲੀ ਬਰਾਬਰੀ ਸੋਧ ਕਾਨੂੰਨ ਦੇ ਅਨੁਰੂਪ ਨਸਲੀ ਬਰਾਬਰੀ ਦੇ ਪ੍ਰਭਾਵ ਦੇ ਮੁਲਾਂਕਣ 'ਤੇ ਵੀ ਨਿਰਭਰ ਰਹੀ ਹੈ।

ਸਿੱਟੇ ਵਜੋਂ, ਕਾਰਡਿਫ ਲਈ ਕਾਰਜ-ਨੀਤੀ ਸ਼ਹਿਰ ਭਰ ਵਿਚ ਸਿਹਤ ਅਤੇ ਸਮਾਜਕ ਦੇਖਭਾਲ ਦੇ ਭਵਿਖ ਦੇ ਰੂਪ ਲਈ ਸੰਯੁਕਤ ਦੂਰ-ਦ੍ਰਿਸ਼ਟੀ ਨੂੰ ਪਛਾਣਦੀ ਹੈ, ਜੋ ਸਿੱਧਿਆਂ ਸਥਾਨਕ ਲੋੜਾਂ ਦੇ ਜਵਾਬ ਵਿਚ ਹੈ ਅਤੇ ਵੱਡੇ ਪੱਧਰ 'ਤੇ ਭਾਈਚਾਰੇ ਅਤੇ ਹਿੱਸੇਦਾਰਾਂ ਦੇ ਸਹਿਯੋਗ ਨਾਲ ਵਿਕਸਿਤ ਕੀਤੀ ਗਈ ਹੈ। ਇਹ ਕਾਰਜ-ਨੀਤੀ ਸਿਹਤ ਨੂੰ ਬੇਹਤਰ ਬਣਾਉਣ ਲਈ ਤਾਲਮੇਲ ਵਾਲੇ ਕਾਰਜਾਂ ਨੂੰ ਤੈਅ ਕਰਦੀ ਹੈ, ਜੋ ਕਿ ਬੁਨਿਆਦੀ ਰੂਪ ਵਿਚ ਸ਼ਹਿਰ ਵਾਸੀਆਂ ਲਈ ਸੇਵਾ ਵਿਵਸਥਾ ਨੂੰ ਬਦਲਣਗੇ।

**ਕੌਂਸਲਰ ਜੌਨ ਡਿਕਸਨ**
**ਕਾਰਜਕਾਰੀ ਮੈਂਬਰ ਕਾਰਡਿਫ ਕੌਂਸਲ**
**ਚੇਅਰ ਕਾਰਡਿਫ ਸਿਹਤ ਗੱਠਜੋੜ**

**ਡਾ. ਰੌਬ ਜੋਨਜ਼**
**ਚੇਅਰ ਕਾਰਡਿਫ ਸਥਾਨਕ ਸਿਹਤ ਬੋਰਡ**
**ਵਾਈਸ-ਚੇਅਰ ਕਾਰਡਿਫ ਸਿਹਤ ਗਠਜੋੜ**

ਇਹ ਸਾਰ-ਅੰਸ਼ **www.cardiffhealthalliance.org** ਵੈਬਸਾਈਟ 'ਤੇ ਹੇਠਾਂ ਦਿੱਤੀਆਂ ਗਈਆਂ ਭਾਈਚਾਰਕ ਭਾਸ਼ਾਵਾਂ ਵਿਚ ਉਪਲੱਬਧ ਹੈ

**ਚੀਨੀ (ਕੈਂਟੋਨੀਜ਼)**
**ਅਰਬੀ**
**ਬੰਗਾਲੀ**
**ਫਾਰਸੀ**
**ਫਰੈਂਚ**
**ਗੁਜਰਾਤੀ**
**ਹਿੰਦੀ**
**ਕੁਰਦਿਸ਼**
**ਪੰਜਾਬੀ**
**ਸੋਮਾਲੀ**
**ਉਰਦੂ**

ਸਾਰ-ਅੰਸ਼ ਦੀਆਂ ਹੋਰ ਕਾਪੀਆਂ ਇਥੋਂ ਲਈਆਂ ਜਾ ਸਕਦੀਆਂ ਹਨ:


**ਕ੍ਰਿਸਟੀਨ ਜੈਂਕਿਨਜ਼**
**ਕਾਰਡਿਫ ਸਿਹਤ ਗਠਜੋੜ**
**ਸਮਾਜਕ ਦੇਖਭਾਲ ਅਤੇ ਸਿਹਤ**
**ਕਮਰਾ ਨੰ: 337, ਕਾਊਂਟੀ ਹਾਲ**
**ਐਟਲਾਂਟਿਕ ਵਾਰਫ**
**ਕਾਰਡਿਫ, ਸੀ ਐਫ10 4 ਯੂ ਡਬਲਿਊ**
**ਟੈਲੀ: 029-2087 3830**
**ਫੈਕਸ: 029-2087 3851**
**ਈ-ਮੇਲ: healthalliance@cardiff.gov.uk**
**ਵੈਬਸਾਈਟ: www.cardiffhealthalliance.org**

**ਜਾਣ-ਪਛਾਣ**

ਕਾਰਡਿਫ ਕੌਂਸਲ ਅਤੇ ਕਾਰਡਿਫ ਸਥਾਨਕ ਸਿਹਤ ਬੋਰਡ 'ਤੇ ਰੱਖੀ ਗਈ ਨਵੀਂ ਸੰਯੁਕਤ ਕਾਨੂੰਨੀ ਲੋੜ ਦੇ ਜਵਾਬ ਵਿਚ ਕਾਰਡਿਫ ਲਈ ਵਿਕਸਿਤ ਕੀਤੀ ਗਈ ਇਹ ਪਹਿਲੀ ਸਿਹਤ, ਸਮਾਜਕ ਸੰਭਾਲ ਦੇਖਭਾਲ ਅਤੇ ਭਲਾਈ ਦੀ ਕਾਰਜ-ਨੀਤੀ ਹੈ। ਇਹ ਉਹ ਤਰੀਕੇ ਨਿਰਧਾਰਤ ਕਰਦੀ ਹੈ ਜਿਸ ਵਿਚ ਇਕੱਠੇ ਕੰਮ ਕਰਦੇ ਹੋਏ, ਸੰਗਠਨ ਸਥਾਨਕ ਪੱਧਰ 'ਤੇ ਸਿਹਤ ਵਿਚ ਬੇਹਤਰੀ ਲਿਆਉਣ ਅਤੇ ਕਾਰਡਿਫ ਦੇ ਲੋਕਾਂ ਦੀ ਭਲਾਈ ਲਈ ਅਗਲੇ 3 ਸਾਲਾਂ ਦੀ ਯੋਜਨਾ ਬਣਾਉਂਦੇ ਹਨ। ਇਸ ਨੂੰ ਪ੍ਰਾਪਤ ਕਰਨ ਲਈ ਕਾਰਜਾਂ ਦਾ ਤਾਲਮੇਲ ਉਹਨਾਂ ਪੈਮਾਨਿਆਂ ਵਿਚਾਲੇ ਕੀਤਾ ਜਾਂਦਾ ਹੈ, ਜੋ ਸਿਹਤ ਨੂੰ ਉਤਸਾਹਤ ਕਰਦੇ ਤੇ ਬੇਹਤਰ ਬਣਾਉਂਦੇ ਹਨ ਅਤੇ ਸਿਹਤ ਨਾਬਰਾਬਰੀਆਂ ਨੂੰ ਘਟਾਉਂਦੇ ਹਨ ਤੇ ਇਹ ਯਕੀਨੀ ਬਣਾਉਂਦੇ ਹਨ ਕਿ ਕਈ ਸਾਰੀਆਂ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਉਹਨਾਂ ਲੋਕਾਂ ਨੂੰ ਉਪਲੱਬਧ ਹਨ, ਜਿਹਨਾਂ ਨੂੰ ਇਸ ਦੀ ਲੋੜ ਹੈ।

ਕਾਰਜ-ਨੀਤੀ ਰਾਹੀਂ ਰਜ਼ਾਮੰਦੀ ਪ੍ਰਾਪਤ ਪ੍ਰਮੁਖਤਾਵਾਂ ਦਾ ਵਿਕਾਸ ਇਨ੍ਹਾਂ ਦਾ ਨਤੀਜਾ ਹੈ:

- ਸਥਾਨਕ ਭਾਈਚਾਰਿਆਂ ਦੀਆਂ ਸਿਹਤ ਅਤੇ ਭਲਾਈ ਲੋੜਾਂ ਦਾ ਇਕ ਵਿਆਪਕ ਮੁਲਾਂਕਣ
- ਲੋੜੀਂਦੇ ਕਾਰਜਾਂ ਨੂੰ ਪਛਾਣਨ ਲਈ ਸੇਵਾ ਵਰਤਣ ਵਾਲਿਆਂ ਅਤੇ ਵਿਸ਼ਾਲ ਭਾਈਚਾਰੇ ਸਮੇਤ ਵਿਅਕਤੀਆਂ ਅਤੇ ਸੰਗਠਨਾਂ ਨਾਲ ਕੰਮ ਕਰਨ ਦਾ ਨਵਾਂ ਨਜ਼ਰੀਆ
- ਸਥਾਨਕ ਹਿੱਸੇਦਾਰਾਂ ਵਿਚਾਲੇ ਤਾਲਮੇਲ ਵਾਲੇ ਕਾਰਜਾਂ ਲਈ ਇਕ ਉਚ-ਪੱਧਰੀ ਪ੍ਰਤੀਬੱਧਤਾ
- ਰਾਸ਼ਟਰੀ ਕਾਰਜ-ਨੀਤੀਆਂ ਬਾਰੇ ਵਿਚਾਰ ਅਤੇ ਇਹਨਾਂ ਨੂੰ ਪ੍ਰਾਪਤ ਕਰਨ ਲਈ ਸਥਾਨਕ ਪੱਧਰ 'ਤੇ ਕਿਹੜੇ ਕਾਰਜ ਦੀ ਲੋੜ ਹੈ।




ਕਾਰਜ-ਨੀਤੀ ਹੇਠ ਲਿਖਿਆਂ ਨੂੰ ਮਹੱਤਵਪੂਰਨ ਪ੍ਰਮੁਖਤਾਵਾਂ ਵਜੋਂ ਪਛਾਣਦੀ ਹੈ:

- ਮਾਨਸਿਕ ਸਿਹਤ
- ਬਜ਼ੁਰਗ ਲੋਕ
- ਬੱਚੇ ਅਤੇ ਨੌਜਵਾਨ ਵਿਅਕਤੀ
- ਵਿਸ਼ੇਸ਼ ਲੋੜਾਂ ਵਾਲੇ ਭਾਈਚਾਰੇ (ਕਾਲੇ ਅਤੇ ਘੱਟ-ਗਿਣਤੀ ਨਸਲੀ ਭਾਈਚਾਰੇ, ਬੇਘਰੇ ਲੋਕ, ਸ਼ਰਨ ਮੰਗਣ ਵਾਲੇ, ਖਾਨਾਬਦੋਸ਼ ਅਤੇ ਯਾਤਰੂ)
- ਜੀਵਨ-ਸ਼ੈਲੀਆਂ ਬੇਹਤਰ ਬਣਾਉਣਾ ਅਤੇ ਭਲਾਈ (ਸਿਗਰਟਨੋਸ਼ੀ, ਵਾਧੂ ਭਾਰ/ਮੋਟਾਪਾ, ਲਿੰਗੀ ਸਿਹਤ, ਦੁਰਘਟਨਾ ਦੀ ਰੋਕਥਾਮ)
- ਸਿਹਤ ਅਤੇ ਸਮਾਜਕ ਦੇਖਭਾਲ ਦੇ ਸਰੋਤਾਂ ਦੀ ਵਰਤੋਂ ਹੋਰ ਵਧਾਉਣਾ

ਪਛਾਣੀਆਂ ਗਈਆਂ ਪ੍ਰਮੁਖਤਾਵਾਂ ਦਾ ਅਧਾਰ ਹੇਠ ਲਿਖੇ ਸਿਧਾਂਤ ਹਨ:

- ਸਿਹਤ ਵਿਚ ਨਾਬਰਾਬਰੀਆਂ – ਕਾਰਡਿਫ ਵਿਚ ਭਾਈਚਾਰਿਆਂ ਵਿਚਾਲੇ ਨਾਬਰਾਬਰੀਆਂ ਨੂੰ ਘਟਾਉਣ ਦੀ ਲੋੜ
- ਵਿਅਕਤੀਆਂ ਅਤੇ ਭਾਈਚਾਰਿਆਂ ਦਾ ਸ਼ਕਤੀਕਰਨ ਅਤੇ ਉਹਨਾਂ ਨਾਲ ਰੁਝੇਵਾਂ – ਤਾਂ ਕਿ ਉਹ ਆਪਣੀ ਸਿਹਤ ਨੂੰ ਸੁਧਾਰਨ ਵਿਚ ਯੋਗਦਾਨ ਦੇਣ ਅਤੇ ਸੇਵਾਵਾਂ ਦੀ ਯੋਜਨਾਬੰਦੀ ਵਿਚ ਸ਼ਾਮਲ ਹੋ ਸਕਣ।
- ਛੇਤੀ ਦਖਲਅੰਦਾਜ਼ੀ – ਤਾਂ ਕਿ ਲੋਕਾਂ ਨੂੰ ਬੀਮਾਰ ਜਾਂ ਕਮਜ਼ੋਰ ਹੋਣ ਤੋਂ ਰੋਕਿਆ ਜਾ ਸਕੇ।
- ਸੰਪੂਰਨ ਪ੍ਰਣਾਲੀ ਨਜ਼ਰੀਆ – ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੀਆਂ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਵਿਅਕਤੀ-ਵਿਸ਼ੇਸ਼ ਦੀਆਂ ਲੋੜਾਂ 'ਤੇ ਧਿਆਨ ਕੇਂਦਰਿਤ ਕਰ ਸਕਣ।
- ਦੂਜੀਆਂ ਸੇਵਾਵਾਂ ਨਾਲ ਸੰਬੰਧ ਸਥਾਪਤ ਕਰਨਾ (ਹਾਊਸਿੰਗ, ਢੋਆ-ਢੁਆਈ ਆਦਿ) – ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਯੋਜਨਾਬੰਦੀ ਦੇ ਦੂਜੇ ਖੇਤਰਾਂ ਵੱਲੋਂ ਸਿਹਤ ਅਤੇ ਭਲਾਈ ਲੋੜਾਂ ਨੂੰ ਧਿਆਨ ਵਿਚ ਰੱਖਿਆ ਗਿਆ।

ਪਛਾਣੇ ਗਏ ਕਾਰਜਾਂ ਦਾ ਮਕਸਦ ਹੈ:

- ਕਈ ਸਾਰੀਆਂ ਆਧੁਨਿਕ ਸੇਵਾਵਾਂ ਵਿਕਸਿਤ ਕਰਨਾ ਜੋ ਕਿ ਸਥਾਨਕ ਲੋੜਾਂ ਨੂੰ ਸਿੱਧਿਆਂ ਹੁੰਗਾਰਾ ਦੇ ਸਕਣ।
- ਇਹ ਸੂਚਿਤ ਕਰਨ ਲਈ ਸਪੱਸ਼ਟ ਪ੍ਰਮੁਖਤਾਵਾਂ ਮੁਹੱਈਆ ਕਰਵਾਉਣਾ ਕਿ ਪੈਸਾ ਕਿਵੇਂ ਖਰਚਿਆ ਜਾਂਦਾ ਹੈ।
- ਇਹ ਯਕੀਨੀ ਬਣਾਉਣਾ ਕਿ ਸਿਹਤ ਅਤੇ ਸਮਾਜਕ ਦੇਖਭਾਲ ਦੇ ਸਰੋਤ ਉਹਨਾਂ ਦੇ ਸਰਵੋਤਮ ਰੂਪ ਵਿਚ ਵਰਤੇ ਜਾਂਦੇ ਹਨ।
- ਉਹ ਟੀਚੇ ਨਿਰਧਾਰਤ ਕਰਨਾ, ਜਿਹਨਾਂ ਦੀ ਤਰੱਕੀ ਦੀ ਨਿਗਰਾਨੀ ਕੀਤੀ ਜਾ ਸਕੇ।

**ਕਾਰਜ-ਨੀਤੀ ਕਿਵੇਂ ਵਿਕਸਿਤ ਕੀਤੀ ਗਈ ਹੈ?**

ਕਾਰਜਨੀਤੀ ਦੇ ਵਿਕਾਸ ਵਿਚ ਕਈ ਸਾਰੇ ਵਿਅਕਤੀ ਅਤੇ ਸੰਗਠਨ ਸ਼ਾਮਲ ਹੋਏ ਹਨ। ਕਾਰਜਨੀਤੀ ਨੂੰ ਵਿਕਸਿਤ ਕਰਨ ਲਈ ਢਾਂਚਾ, ਵਰਤੀ ਗਈ ਪ੍ਰਕ੍ਰਿਆ ਅਤੇ ਕਾਰਜ-ਨੀਤੀ ਅਤੇ ਹੋਰ ਨੀਤੀਗਤ ਪ੍ਰਕ੍ਰਿਆਵਾਂ ਵਿਚਾਲੇ ਬਣਾਏ ਗਏ ਮਹੱਤਵਪੂਰਨ ਸੰਬੰਧ ਇਸ ਤਰ੍ਹਾਂ ਸਨ:

| ਢਾਂਚਾ | ਪ੍ਰਕ੍ਰਿਆ | ਸੰਬੰਧ |
|---|---|---|
| • ਸਿਹਤ ਅਤੇ ਭਲਾਈ ਲਈ ਕਾਰਡਿਫ ਲਈ ਮਹੱਤਵਪੂਰਨ ਨੀਤੀਗਤ ਹਿੱਸੇਦਾਰੀ ਵਜੋਂ ਸਿਹਤ ਗਠਜੋੜ ਨੇ ਇਸ ਕਾਰਜ-ਨੀਤੀ ਨੂੰ ਚਲਾਇਆ ਹੈ।<br><br>• ਸੰਯੁਕਤ ਸਿਹਤ ਅਤੇ ਸਮਾਜਕ ਦੇਖਭਾਲ ਸਲਾਹਕਾਰੀ ਯੋਜਨਾਬੰਦੀ ਗਰੁਪ ਅਤੇ ਸੰਯੁਕਤ ਅਧਿਕਾਰਤ ਗਰੁਪ ਵਿਅਕਤੀਗਤ ਗਾਹਕ ਗਰੁਪ ਤਜਵੀਜ਼ਾਂ ਨੂੰ ਵਿਕਸਿਤ ਕਰਨ ਲਈ ਜ਼ਿੰਮੇਵਾਰ ਰਹੇ ਹਨ।<br><br>• ਕਾਰਜ-ਨੀਤੀ ਦੇ ਦੁਆਲੇ ਕੁਝ ਮਹੱਤਵਪੂਰਨ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਕੁਝ ਸੀਮਤ ਬਹੁ-ਏਜੰਸੀ ਕਾਰਜ ਗਰੁਪ ਸਥਾਪਤ ਕੀਤੇ ਗਏ ਸਨ।<br><br>• ਸਮੁੱਚੀ ਪ੍ਰਕ੍ਰਿਆ ਦੇ ਸਮਰਥਨ ਲਈ ਕਾਰਡਿਫ ਕੌਂਸਲ, ਕਾਰਡਿਫ ਐਲ ਐਚ ਬੀ (LHB) ਅਤੇ ਵਲੰਟਰੀ ਐਕਸ਼ਨ ਕਾਰਡਿਫ ਤੋਂ ਸਟਾਫ ਨਾਲ ਇਕ ਸੰਯੁਕਤ ਇਕਾਈ ਸਥਾਪਤ ਕੀਤੀ ਗਈ। | • ਪੂਰੀ ਪ੍ਰਕ੍ਰਿਆ ਦੇ ਸਮਰਥਨ ਲਈ ਕਾਰਡਿਫ ਕੌਂਸਲ, ਕਾਰਡਿਫ ਐਲ ਐਚ ਬੀ ਅਤੇ ਵਲੰਟਰੀ ਐਕਸ਼ਨ ਕਾਰਡਿਫ ਦੇ ਸਟਾਫ ਨਾਲ ਇਕ ਸੰਯੁਕਤ ਯੂਨਿਟ ਸਥਾਪਤ ਕੀਤਾ ਗਿਆ ਸੀ। ਇਕ ਜਾਂਚੀ-ਪਰਖੀ ਵਿਧੀ, 'ਭਾਈਚਾਰੇ ਪੱਖੀ ਮੁਢਲੀ ਦੇਖਭਾਲ' (COPC) ਦੀ ਵਰਤੋਂ ਕਰਦੇ ਹੋਏ 2 ਮਹੱਤਵਪੂਰਨ ਪੜਾਵਾਂ 'ਤੇ ਸੇਵਾ ਵਰਤਣ ਵਾਲੇ, ਨਿਗਰਾਨ ਅਤੇ ਭਾਈਚਾਰੇ ਦੇ ਪ੍ਰਤੀਨਿਧ ਸ਼ਾਮਲ ਸਨ।<br><br>• ਲੋੜਾਂ ਦੇ ਮੁਲਾਂਕਣ ਲਈ ਸਲਾਹ-ਮਸ਼ਵਰੇ ਵਿਚ ਕਾਰਡਿਫ ਵਿਚ ਹਰੇਕ ਖੇਤਰ ਵਿਚ ਚਾਰ 'ਆਪਣੀ ਗੱਲ ਕਹੋ' ਨਾਮ ਦੀਆਂ ਵਰਕਸ਼ਾਪਾਂ ਕੀਤੀਆਂ ਗਈਆਂ। ਸਿਹਤ ਅਤੇ ਸਮਾਜਕ ਦੇਖਭਾਲ ਖੇਤਰਾਂ ਅਤੇ ਭਾਈਚਾਰੇ ਅਤੇ ਸਵੈ-ਸੇਵੀ ਗਰੁਪਾਂ ਤੋਂ ਕੰਮਕਾਜੀ ਸਟਾਫ ਤੋਂ 200 ਵਿਅਕਤੀਆਂ ਨੇ ਸ਼ਮੂਲੀਅਤ ਕੀਤੀ।<br><br>• ਕਾਰਜ-ਨੀਤੀ ਦੀਆਂ ਤਜਵੀਜ਼ਾਂ ਦੇ ਵਿਕਾਸ ਵਿਚ 'ਟੇਕ ਇਨ ਟੂ ਐਕਸ਼ਨ' ਸਲਾਹ-ਮਸ਼ਵਰੇ ਦੀਆਂ ਵਰਕਸ਼ਾਪਾਂ ਵਿਚ 165 ਵਿਅਕਤੀਆਂ ਨੇ ਹਾਜ਼ਰੀ ਭਰੀ। ਇਹ ਵਰਕਸ਼ਾਪਾਂ ਦਾ ਕੇਂਦਰ ਬਿੰਦੂ ਵੱਲੋਂ ਸਥਾਨਕ ਮੁੱਦਿਆਂ ਦੇ ਸਥਾਨਕ ਹੱਲ ਲੱਭਣ ਲਈ ਉਹਨਾਂ ਲੋਕਾਂ ਨੂੰ ਲੈਣਾ ਸੀ, ਜੋ ਕਿ ਕਾਰਡਿਫ ਵਿਚ ਹੀ ਰਹਿੰਦੇ ਅਤੇ ਕੰਮ ਕਰਦੇ ਹਨ ਅਤੇ ਸਿਹਤ ਤੇ ਸਮਾਜਕ ਭਲਾਈ ਯੋਜਨਾਬੰਦੀ ਗਰੁਪਾਂ ਨੂੰ ਜਾਣਕਾਰੀ ਦਿੰਦੇ ਹਨ। | • ਕਾਰਡਿਫ ਭਾਈਚਾਰਕ ਕਾਰਜ-ਨੀਤੀ ਨਾਲ ਨੇੜਲੇ ਸੰਬੰਧ ਸਥਾਪਤ ਕੀਤੇ ਗਏ ਹਨ, ਜੋ ਕਿ ਸ਼ਹਿਰ ਵਿਚ ਆਰਥਿਕ, ਸਮਾਜਕ ਅਤੇ ਵਾਤਾਵਰਣਿਕ ਭਲਾਈ ਨੂੰ ਉਤਸਾਹਤ ਕਰਦਾ ਹੈ।<br>• ਭਾਈਚਾਰਾ ਕਾਰਜ-ਨੀਤੀ ਦੀ ਛਤਰ-ਛਾਇਆ ਹੇਠ ਕੰਮ ਕਰ ਰਹੀਆਂ ਵਿਸ਼ਾਲ ਹਿੱਸੇਦਾਰੀਆਂ ਅਤੇ ਕਾਰਜ-ਨੀਤੀਆਂ ਨਾਲ ਮਹੱਤਵਪੂਰਨ ਕੜੀਆਂ ਸਥਾਪਤ ਕੀਤੀਆਂ ਗਈਆਂ, ਜੋ ਕਿ ਉਹਨਾਂ ਵਿਸ਼ਾਲ ਤੱਥਾਂ ਨੂੰ ਸੰਬੋਧਨ ਕਰਦੀਆਂ ਹਨ ਜੋ ਕਿ ਸਿਹਤ ਨੂੰ ਪ੍ਰਭਾਵਤ ਕਰਦੀਆਂ ਹਨ, ਜਿਵੇਂ ਕਿ ਹਾਊਸਿੰਗ, ਢੋਆ-ਢੁਆਈ, ਭਾਈਚਾਰੇ ਦੀ ਸੁਰੱਖਿਆ।<br>• ਕਾਰਡਿਫ ਲਈ ਵੈਲਸ਼ ਸਥਾਨਕ ਕਾਰਜ ਯੋਜਨਾ (WLAP) ਅਤੇ ਕਾਰਜ-ਨੀਤੀ ਨਾਲੋ-ਨਾਲ ਵਿਕਸਿਤ ਕੀਤੀ ਗਈ ਹੈ। WLAP ਮਸੌਦਾ ਕਾਰਜ-ਨੀਤੀ ਦੇ ਸੰਦਰਭ ਵਿਚ ਸਥਾਪਤ ਕੀਤਾ ਗਿਆ ਸੀ ਅਤੇ ਕਾਰਜ-ਨੀਤੀ ਦੀਆਂ ਤਜਵੀਜ਼ਾਂ ਦਾ ਇਕ ਅਹਿਮ ਹਿੱਸਾ ਹੈ। |

## ਸਥਾਨਕ ਖੇਤਰ

### ਕਾਰਡਿਫ ਦੀਆਂ ਲੋੜਾਂ ਬਾਰੇ ਅਸੀਂ ਕੀ ਜਾਣਦੇ ਹਾਂ?




ਪੱਛਮੀ ਕਾਰਡਿਫ — ਉਤਰੀ ਕਾਰਡਿਫ
ਕੇਂਦਰੀ ਕਾਰਡਿਫ — ਦੱਖਣ-ਪੂਰਬੀ ਕਾਰਡਿਫ

ਕਾਰਜ-ਨੀਤੀ ਪ੍ਰਕ੍ਰਿਆ ਦੇ ਪਹਿਲੇ ਪੜਾਅ 'ਤੇ, ਸਥਾਨਕ ਲੋਕਾਂ ਦੀਆਂ ਸਿਹਤ ਅਤੇ ਭਲਾਈ ਸੰਬੰਧੀ ਲੋੜਾਂ ਦਾ ਵਿਆਪਕ ਮੁਲਾਂਕਣ ਕੀਤਾ ਗਿਆ ਸੀ। ਮਾਰਚ 2004 ਵਿਚ ਲੱਭਤਾਂ ਦੀ ਇਕ ਵਿਸਥਾਰ ਸਹਿਤ ਰਿਪੋਰਟ ਤਿਆਰ ਕੀਤੀ ਗਈ। ਇਸ ਦੀਆਂ ਪੂਰੀਆਂ ਕਾਪੀਆਂ ਵੈਬਸਾਈਟ **www.cardiffhealthalliance.org** 'ਤੇ ਦੇਖੀਆਂ ਜਾ ਸਕਦੀਆਂ ਹਨ।

### ਮੌਜੂਦਾ ਵਸੋਂ

ਐਨ ਐਚ ਐਸ (NHS) ਪ੍ਰਬੰਧਕੀ ਰਜਿਸਟਰਾਰ ਮੁਤਾਬਕ ਕਾਰਡਿਫ ਵਿਚ 29 ਚੋਣ ਡਵੀਜਨਾਂ ਹਨ, ਜਿਹਨਾਂ ਦੀ ਕੁਲ ਵਸੋਂ 343,289 ਹੈ। ਕਾਰਡਿਫ ਦੀ ਵਸੋਂ ਵਿਚ ਭਵਿਖ ਵਿਚ ਵਾਧਾ ਦੱਖਣ-ਪੂਰਬੀ ਇਲਾਕੇ ਵਿਚ ਹੋਣ ਦਾ ਅਨੁਮਾਨ ਲਾਇਆ ਗਿਆ ਹੈ। ਕਾਰਡਿਫ ਦੀ ਅਬਾਦੀ ਦੀ ਉਮਰ ਵਰਗ ਦਾ ਢਾਂਚਾ ਹੇਠਾਂ ਦਿਖਾਇਆ ਗਿਆ ਹੈ। ਇਸ 'ਚ 15-24 ਉਮਰ ਦੇ ਨੌਜਵਾਨਾਂ ਦਾ ਅਨੁਪਾਤ ਪੂਰੇ ਵੇਲਜ਼ ਨਾਲੋਂ ਜ਼ਿਆਦਾ ਹੈ – ਅੰਸ਼ਕ ਰੂਪ 'ਚ ਵਿਦਿਆਰਥੀਆਂ ਦੀ ਵੱਡੀ ਗਿਣਤੀ ਕਰਕੇ। ਵੇਲਜ਼ ਦੀ ਔਸਤ ਨਾਲੋਂ ਇਥੇ ਰਿਟਾਇਰਮੈਂਟ ਉਮਰ ਦੇ ਵਿਅਕਤੀਆਂ ਦਾ ਅਨੁਪਾਤ ਘੱਟ ਹੈ, ਅਤੇ 0 ਤੋਂ 15 ਸਾਲ ਦੀ ਉਮਰ ਦੇ ਵਿਅਕਤੀਆਂ ਦਾ ਥੋੜ੍ਹਾ ਜ਼ਿਆਦਾ ਅਨੁਪਾਤ ਹੈ।

## 2001 ਐਨ ਐਚ ਏ ਆਰ ਤੋਂ ਲਈ ਗਈ ਉਮਰ ਅਤੇ ਲਿੰਗ ਮੁਤਾਬਕ ਕਾਰਡਿਫ ਦੀ ਵਸੋਂ




ਅੰਕੜਿਆਂ ਤੋਂ ਪਾਏ ਗਏ ਮਹੱਤਵਪੂਰਨ ਤੱਥਾਂ ਵਿਚ ਸ਼ਾਮਲ ਹਨ:

**ਇਲਾਕਿਆਂ ਦੇ ਅੰਦਰ ਅਤੇ ਵਿਚਕਾਰ ਅੰਤਰ** – ਦਰਅਸਲ ਦੋ ਅਲੱਗ-ਅਲੱਗ ਕਾਰਡਿਫ ਹਨ: ਸ਼ਹਿਰ ਦਾ ਪਰਸਪਰ ਖੁਸ਼ਹਾਲ ਉਤਰੀ ਹਿੱਸਾ ਅਤੇ ਜਿਸਨੂੰ 'ਦਖਣੀ ਆਰਕ' ਵਜੋਂ ਕਿਹਾ ਜਾ ਸਕਦਾ ਹੈ, ਜਿਥੇ ਬਹੁ-ਹੀਣਤਾ ਦੇ ਉਚ ਪਧਰ ਹਨ। ਕਾਰਡਿਫ ਦੀ ਵਸੋਂ ਦੇ ਅਕਾਰ ਤੋਂ ਮਤਲਬ ਹੈ 'ਦੱਖਣੀ ਆਰਕ' ਵਿਚ ਉਚ-ਪੱਧਰੀ ਹੀਣਤਾ 120,000 ਲੋਕਾਂ ਨੂੰ ਪ੍ਰਭਾਵਤ ਕਰਦੀ ਹੈ ਅਤੇ 16,000 ਤੋਂ ਵੱਧ ਬੱਚੇ ਪਰਸਪਰ ਗਰੀਬੀ ਵਿਚ ਰਹਿ ਰਹੇ ਹਨ।

**ਨੌਜਵਾਨ ਅਤੇ ਬਜ਼ੁਰਗ** – ਪੂਰੇ ਵੇਲਜ਼ ਨਾਲ ਤੁਲਨਾ ਕੀਤੀ ਜਾਵੇ ਤਾਂ ਕਾਰਡਿਫ ਵਿਚ 0 ਤੋਂ 15 ਸਾਲ ਦੇ ਵਿਅਕਤੀਆਂ ਦੀ ਅਨੁਪਾਤ ਥੋੜ੍ਹਾ ਜ਼ਿਆਦਾ ਹੈ ਪਰ ਰਿਟਾਇਰਮੈਂਟ ਉਮਰ ਦੇ ਵਿਅਕਤੀਆਂ ਦਾ ਅਨੁਪਾਤ ਮੁਕਾਬਲਤਨ ਘੱਟ ਹੈ। ਇਹ ਗਰੁਪ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਦੀ ਸਭ ਤੋਂ ਵੱਧ ਵਰਤੋਂ ਕਰਨ ਵਾਲੇ ਹੁੰਦੇ ਹਨ।

**ਸ਼ਹਿਰ ਦੇ ਮੁੱਦੇ** – ਕਾਰਡਿਫ ਵਿਚ ਕਈ ਵਿਸ਼ੇਸ਼ ਗਰੁਪ ਹਨ ਜਿਹਨਾਂ ਦੀਆਂ ਅਕਸਰ ਵਿਭਿੰਨ ਅਤੇ ਗੁੰਝਲਦਾਰ ਸਿਹਤ ਅਤੇ ਭਲਾਈ ਲੋੜਾਂ ਹੁੰਦੀਆਂ ਹਨ। ਇਹਨਾਂ ਵਿਚ ਸ਼ਾਮਲ ਹਨ - ਘੱਟ ਗਿਣਤੀ ਨਸਲੀ ਵਸੋਂ, ਖਾਨਾਬਦੋਸ਼ ਅਤੇ ਯਾਤਰੂ, ਬੇਘਰੇ, ਵਿਦਿਆਰਥੀ, ਸ਼ਰਨ ਲੈਣ ਵਾਲੇ ਅਤੇ ਸ਼ਰਨਾਰਥੀ, ਸੈਕਸ ਵਰਕਰ ਅਤੇ ਕੈਦੀ। ਵੇਲਜ਼ ਦੇ ਯੂਨੀਵਰਸਿਟੀ ਹਸਪਤਾਲ ਦੇ ਇਕ ਵਿਸ਼ੇਸ਼ ਕੇਂਦਰ ਵਜੋਂ ਹੋਣ ਕਰਕੇ ਵੀ ਗੁੰਝਲਦਾਰ ਲੋੜਾਂ ਵਾਲੇ ਵਿਅਕਤੀ ਇਥੇ ਆਕਰਸ਼ਤ ਹੁੰਦੇ ਹਨ।

**ਸਿਹਤ ਵਿਚ ਅੰਤਰ** – ਦੱਖਣ-ਪੂਰਬੀ ਇਲਾਕੇ ਵਿਚ 75 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀਆਂ ਕਿਸੇ ਵੀ ਕਾਰਨ ਹੋਈਆਂ ਮੌਤਾਂ ਦੀ ਦਰ ਵਿਸ਼ੇਸ਼ ਕਰਕੇ ਜ਼ਿਆਦਾ ਹੈ, ਜਨਮ ਵੇਲੇ ਘੱਟ ਭਾਰ ਵਾਲੇ ਬੱਚਿਆਂ ਦੀ ਦਰ ਜ਼ਿਆਦਾ ਹੈ ਅਤੇ ਉਹਨਾਂ ਘਰਾਂ ਦੀ ਪ੍ਰਤੀਸ਼ਤਤਾ ਵੀ ਜ਼ਿਆਦਾ ਹੈ ਜੋ ਕਿਸੇ ਸੀਮਤ ਰਖਣ ਵਾਲੀ ਲੰਮੇਂ ਸਮੇਂ ਦੀ ਬੀਮਾਰੀ ਤੋਂ ਪੀੜਤ ਹਨ, ਜੋ ਕਿ ਉਹਨਾਂ ਦੀ ਕੰਮ ਕਰਨ ਦੀ ਯੋਗਤਾ, ਜਾਂ ਆਤਮ ਨਿਰਭਰ ਹੋਣ ਦੀ ਯੋਗਤਾ ਵਿਚ ਦਖਲਅੰਦਾਜ਼ੀ ਕਰਦੀ ਹੈ।

**ਉਹ ਤੱਥ ਜੋ ਸਿਹਤ ਨੂੰ ਪ੍ਰਭਾਵਤ ਕਰਦੇ ਹਨ** – ਇਲਾਕਿਆਂ ਦੇ ਅੰਦਰ ਅਤੇ ਆਪਸ ਵਿਚ ਕਈ ਵਿਆਪਕ ਨਾਬਰਾਬਰੀਆਂ ਪਾਈਆਂ ਗਈਆਂ। ਇਸ ਵਿਚ ਸ਼ਹਿਰ ਦੇ ਖੇਤਰਾਂ ਵਿਚਾਲੇ ਬੇਰੋਜ਼ਗਾਰੀ ਵਿਚ ਇਕ ਦਸ-ਪਰਤੀ ਬਦਲਾਅ ਅਤੇ ਆਮਦਨ ਸਮਰਥਨ ਹਾਸਲ ਕਰਨ ਵਿਚ ਘਰਾਂ ਵਿਚ ਰਹਿੰਦੇ ਨਿਰਭਰ ਬੱਚਿਆ ਦੀ ਪ੍ਰਤੀਸ਼ਤਤਾ ਵਿਚ ਬਿਲਕੁਲ ਸਪੱਸ਼ਟ ਅੰਤਰ ਸ਼ਾਮਲ ਸਨ।

## ਗੁਣਾਤਮਕ ਲੋੜਾਂ ਦਾ ਮੁਲਾਂਕਣ

ਇਸ ਸੰਖਿਆਤਮਕ ਜਾਣਕਾਰੀ ਦੇ ਨਾਲ 'ਆਪਣੀ ਗੱਲ ਕਹੋ' ਸਲਾਹ-ਮਸ਼ਵਰੇ ਦੀਆਂ ਵਰਕਸ਼ਾਪਾਂ, ਯੂਥ ਕਾਂਗਰਸ, 'ਤੁਹਾਡਾ ਭਵਿਖ – ਤੁਸੀਂ ਫੈਸਲਾ ਕਰੋ' ਵਰਕਸ਼ਾਪਾਂ ਅਤੇ ਇਕ ਸਲਾਹ-ਮਸ਼ਵਰੇ ਦੀ ਪ੍ਰਸ਼ਨਾਵਲੀ ਸਮੇਤ ਗੁਣਾਤਮਕ ਜਾਣਕਾਰੀ ਵਿਚ ਵਾਧਾ ਕੀਤਾ ਗਿਆ। ਵਰਕਸ਼ਾਪਾਂ ਨੇ ਕਾਰਜ-ਨੀਤੀ ਵਿਚ ਪ੍ਰਮੁਖਤਾਵਾਂ ਅਤੇ ਤਜਵੀਜ਼ਾਂ ਦੇ ਵਿਕਾਸ ਵਿਚ ਹਿੱਸੇਦਾਰਾਂ ਨੂੰ ਅਰਥਪੂਰਨ ਢੰਗ ਨਾਲ ਸ਼ਾਮਲ ਕਰਨ ਲਈ ਇਕ ਜਾਂਚੀ-ਪਰਖੀ ਵਿਧੀ, 'ਭਾਈਚਾਰਕ ਝੁਕਾਅ ਵਾਲੀ ਮੁਢਲੀ ਦੇਖਭਾਲ' ਦੀ ਵਰਤੋਂ ਕੀਤੀ। ਹਰੇਕ ਵਰਕਸ਼ਾਪ ਵਿਚ ਉਠਾਏ ਗਏ ਮੁੱਦਿਆਂ ਦਾ ਵਿਸ਼ਾਲ ਸਾਰ-ਅੰਸ਼ ਮੁਹੱਈਆ ਕਰਨ ਲਈ ਪਛਾਣੀਆਂ ਗਈਆਂ ਛੇ ਪ੍ਰਮੁਖਤਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਲਾਕਿਆਂ ਵਿਚਕਾਰ ਸਪੱਸ਼ਟ ਅੰਤਰ ਅਤੇ ਇਕਸਾਰਤਾਵਾਂ ਸਨ ਅਤੇ 24 ਪ੍ਰਮੁਖਤਾਵਾਂ ਵਿਚੋਂ 9 ਵਿਸ਼ੇ ਪਛਾਣੇ ਗਏ। ਵਰਕਸ਼ਾਪਾਂ ਦੀਆਂ ਪੂਰੀਆਂ ਰਿਪੋਰਟਾਂ ਸਿਹਤ ਗੱਠਜੋੜ ਵੈਬਸਾਈਟ 'ਤੇ ਦਿੱਤੀਆਂ ਗਈਆਂ ਹਨ।

- ਬਜ਼ੁਰਗ ਵਿਅਕਤੀਆਂ ਦੀਆਂ ਲੋੜਾਂ
- ਹਾਊਸਿੰਗ ਅਤੇ ਰਿਹਾਇਸ਼
- ਨਵੇਂ ਹਾਊਸਿੰਗ ਵਿਕਾਸ ਵਿਚ ਭਾਈਚਾਰੇ ਦਾ ਮੇਲ
- ਨੌਜਵਾਨ ਵਿਅਕਤੀਆਂ ਦੀਆਂ ਲੋੜਾਂ
- ਨੌਜਵਾਨ ਪਰਿਵਾਰਾਂ ਦੀਆਂ ਲੋੜਾਂ
- ਪ੍ਰਾਇਮਰੀ ਸਿਹਤ ਸੰਭਾਲ ਸੇਵਾਵਾਂ
- ਅਪਰਾਧ ਅਤੇ ਅਪਰਾਧ ਦਾ ਡਰ
- ਬਰਾਬਰੀ
- ਢੋਆ-ਢੁਆਈ

## ਮੌਜੂਦਾ ਸੇਵਾਵਾਂ ਕੀ ਹਨ?

ਸਥਾਨਕ ਅਬਾਦੀ ਦੀ ਸਿਹਤ ਅਤੇ ਭਲਾਈ ਦੇ ਸਮਰਥਨ ਲਈ ਐਨ ਐਚ ਐਸ, ਸਥਾਨਕ ਅਥਾੱਰਟੀ, ਸਵੈ-ਸੇਵੀ ਅਤੇ ਪ੍ਰਾਈਵੇਟ ਸੈਕਟਰ ਵਿਚ ਸਿਹਤ ਅਤੇ ਭਲਾਈ ਦੇ ਖੇਤਰ ਵਿਚ ਇਕ ਵਿਸਤ੍ਰਿਤ ਰੇਂਜ ਦੀਆਂ ਸੇਵਾਵਾਂ ਉਪਲਬੱਧ ਕਰਾਈਆਂ ਜਾਂਦੀਆਂ ਹਨ। ਇਹਨਾਂ ਵਿਚ ਸ਼ਾਮਲ ਹਨ:

**ਸਥਾਨਕ ਅਥਾਰਟੀ ਸਮਾਜਕ ਸੇਵਾਵਾਂ**

- ਬਾਲਗ ਸੇਵਾਵਾਂ
- ਬਾਲ ਸੇਵਾਵਾਂ

**ਸਥਾਨਕ ਅਥਾੱਰਟੀ ਸਮਾਜਕ ਸੇਵਾਵਾਂ**

- ਬਾਲਗ ਸੇਵਾਵਾਂ
- ਬਾਲ ਸੇਵਾਵਾਂ



**ਸਿਹਤ ਅਤੇ ਭਲਾਈ ਦਾ ਸਮਰਥਨ ਕਰਨ ਵਾਲੀਆਂ ਸਥਾਨਕ ਸੇਵਾਵਾਂ**

- ਹਾਊਸਿੰਗ ਅਤੇ ਨਿਆਸਰਾਪਣ
- ਰੋਜ਼ਗਾਰ ਦੇ ਮੌਕੇ
- ਸਿੱਖਿਆ ਅਤੇ ਸਿਖਲਾਈ
- ਨੌਜਵਾਨ ਸੇਵਾਵਾਂ
- ਵਾਤਾਵਰਿਨਕ ਸਿਹਤ/ਸੇਵਾਵਾਂ
- ਵਿਹਲ ਸੇਵਾਵਾਂ
- ਢੋਆ-ਢੁਆਈ/ਭਾਈਚਾਰਕ ਢੋਆ-ਢੁਆਈ

**ਸਵੈ-ਸੇਵੀ ਖੇਤਰ ਸੇਵਾਵਾਂ**

**ਪ੍ਰਾਈਵੇਟ ਸੈਕਟਰ ਸੇਵਾਵਾਂ**

# ਕਿਹੜੇ ਸਰੋਤ ਉਪਲੱਬਧ ਹਨ?

**ਸਿਹਤ ਸੇਵਾ ਸਰੋਤ** – ਵੈਲਸ਼ ਅਸੈਂਬਲੀ ਸਰਕਾਰ ਤੋਂ 2004/5 ਲਈ ਕਾਰਡਿਫ ਸਥਾਨਕ ਸਿਹਤ ਬੋਰਡ ਲਈ ਐਲੋਕੇਸ਼ਨ £280.967m ਸੀ। ਹੇਠਾਂ ਦਿੱਤੇ ਚਿੱਤਰ ਵਿਚ ਦਰਸਾਇਆ ਗਿਆ ਹੈ ਕਿ ਇਹ ਰਾਸ਼ੀ ਕਿਸ ਤਰ੍ਹਾਂ ਖਰਚ ਕੀਤੀ ਗਈ।

## ਸਿਹਤ ਸੇਵਾ ਸਰੋਤ (£ms)



| | |
|---|---|
| ਹਸਪਤਾਲ ਅਤੇ ਭਾਈਚਾਰਾ/ਸੇਵਾਵਾਂ | £187.637 |
| ਸੁਰਖਿਅਤ ਸੇਵਾਵਾਂ | £9.667 |
| ਆਮ ਡਾਕਟਰੀ ਸੇਵਾਵਾਂ | £33.612 |
| ਮਰੀਜ਼ ਲਈ ਨੁਸਖਾ ਲਿਖਣਾ | £46.519 |
| ਮੁਫਤ ਨਰਸਿੰਗ ਦੇਖਭਾਲ | £3.531 |

ਕਾਰਡਿਫ LHB ਨੂੰ ਸਾਬਕਾ Bro Taf ਸਿਹਤ ਅਥੌਰਟੀ ਤੋਂ £9.988m ਦਾ ਸ਼ੁਰੂਆਤੀ ਘਾਟਾ ਵਿਰਾਸਤ ਵਿਚ ਮਿਲਿਆ। ਕਾਰਡਿਫ ਅਤੇ ਵੇਲਜ਼ ਐਨ ਐਚ ਐਸ ਟ੍ਰੱਸਟ ਨਾਲ ਮਿਲ ਕੇ ਕੰਮ ਸੰਯੁਕਤ ਰੂਪ ਵਿਚ ਕੰਮ ਕਰ ਰਹੀ ਐਲ ਐਚ ਬੀ ਨੇ ਇਕ ਨੀਤੀਗਤ ਪਰਿਵਰਤਨ ਅਤੇ ਸਮਰੱਥਾ ਯੋਜਨਾ ਵਿਕਸਿਤ ਕੀਤੀ ਹੈ ਤਾਂ ਕਿ 2006 ਤੱਕ ਵਿਤੀ ਬੈਲੈਂਸ ਤੱਕ ਐਲ ਐਚ ਬੀ ਰਿਟਰਨ, 2009 (ਪੌਂਡ 9131m) ਤੱਕ ਅੰਤਰਿਮ ਦਲਾਲੀ ਬਰੋਕਰੇਜ ਦੀ ਅਦਾਇਗੀ ਅਤੇ 2009 (ਪੌਂਡ 21261m) ਤੱਕ ਸਾਬਕਾ Bro Taf ਸਿਹਤ ਅਥਾਰਟੀ ਦੁਆਰਾ ਲਏ ਗਏ ਕਰਜ਼ੇ ਵਿਚ ਐਲ ਐਚ ਬੀ ਦੇ ਹਿੱਸੇ ਦੀ ਮੁੜ ਅਦਾਇਗੀ ਨੂੰ ਯਕੀਨੀ ਬਣਾਇਆ ਜਾ ਸਕੇ। ਐਲ ਐਚ ਬੀ ਯੋਜਨਾਬੰਦੀ ਦੀ ਮਿਆਦ ਦੌਰਾਨ ਨਵੇਂ ਖਤਰੇ ਸਹਿ ਸਕਣ ਦੀ ਵਾਧੂ ਲਚਕ ਨੂੰ ਵੀ ਯਕੀਨੀ ਬਣਾਏਗੀ।

**ਸਮਾਜਕ ਦੇਖਭਾਲ ਵਿਤ** – 2004-2005 ਵਿਚ ਕੌਂਸਲ ਦਾ ਕੁਲ ਰੈਵੇਨਿਊ ਬਜਟ £401m ਦਾ ਹੈ, ਜਿਸ ਵਿਚੋਂ ਲੱਗਭੱਗ £79m ਬਾਲਗਾਂ ਦੇ ਅਤੇ ਬਾਲਾਂ ਦੀ ਸਮਾਜਕ ਦੇਖਭਾਲ ਲਈ ਮਿਥਿਆ ਗਿਆ ਸੀ। ਸਮਾਜਕ ਦੇਖਭਾਲ ਦੇ ਅੰਦਰ, ਵਿਸ਼ੇਸ਼ ਗਰਾਂਟਾਂ ਰਾਹੀਂ ਖਰਚੇ ਦੇ ਮਹੱਤਵਪੂਰਨ ਤੱਤ ਫੰਡਿਡ ਹਨ। ਕੌਂਸਲ ਕੋਲ ਕਈ ਸੇਵਾਵਾਂ ਲਈ ਕਾਨੂੰਨੀ ਹੱਕ ਹੈ। ਇਹ ਆਮਦਨ ਦੇ ਸਰੋਤ £106m ਦੇ ਬਾਲਗਾਂ ਅਤੇ ਬੱਚਿਆਂ ਦੀਆਂ ਸੇਵਾਵਾਂ ਲਈ ਕੁਲ ਖਰਚ ਬਜਟ ਵਿਚ ਬਣਦੇ ਹਨ ਜਿਵੇਂ ਕਿ ਹੇਠਾਂ ਰੇਖਾ ਚਿੱਤਰ ਵਿਚ ਦਿਖਾਇਆ ਗਿਆ ਹੈ:

## ਸਮਾਜਕ ਦੇਖਭਾਲ ਵਿਤ (£ms)



| | |
|---|---|
| ਬਾਲਗਾਂ ਲਈ ਸਿੱਧੇ ਤੌਰ 'ਤੇ ਮੁਹੱਈਆ ਕੀਤੀਆਂ ਜਾਦੀਆਂ ਸੇਵਾਵਾਂ | £24.952 |
| ਬਾਲਗਾਂ ਲਈ ਕਮਿਸ਼ਨਡ ਸੇਵਾਵਾਂ | £45.325 |
| ਬਾਲ ਸੇਵਾਵਾਂ | £27.474 |
| ਕਾਰਗੁਜ਼ਾਰੀ ਪ੍ਰਬੰਧਨ, ਸਮਰਥਨ, ਸਿਖਲਾਈ | £8.264 |

# ਅਸੀਂ ਕਾਰਡਿਫ 'ਚ ਸਿਹਤ, ਸਮਾਜਕ ਦੇਖਭਾਲ ਤੇ ਭਲਾਈ ਨੂੰ ਬੇਹਤਰ ਬਣਾਉਣ ਦੀ ਤਜਵੀਜ਼ ਕਿਵੇਂ ਦਿੰਦੇ ਹਾਂ

ਇਹ ਜਾਣਦੇ ਹੋਏ ਕਿ ਸਿਰੇ ਚੜ੍ਹੀ ਹੋਈ ਕਾਰਜ-ਨੀਤੀ ਨੂੰ ਸਾਰੇ ਗ੍ਰਾਹਕ ਗਰੁਪਾਂ ਲਈ ਤਜਵੀਜ਼ਾਂ ਦੀ ਪਛਾਣ ਕਰਨ ਦੀ ਲੋੜ ਹੋਵੇਗੀ, ਇਸ ਵਾਸਤੇ ਕਈ ਸਾਰੇ ਗਾਹਕ ਗਰੁਪਾਂ/ਸੇਵਾ ਖੇਤਰਾਂ ਲਈ ਤਜਵੀਜ਼ਾਂ ਵਿਕਸਿਤ ਕਰਨ ਲਈ ਇਕ ਮਜ਼ਬੂਤ ਸਲਾਹ-ਮਸ਼ਵਰੇ ਅਤੇ ਇਕ ਰੁਝੇਵਿਆਂ ਦੀ ਪ੍ਰਕ੍ਰਿਆ ਦੀ ਵਰਤੋਂ ਕੀਤੀ ਗਈ।

**'Talk into Action' ਵਰਕਸ਼ਾਪਾਂ** – 'ਆਪਣੀ ਗੱਲ ਕਹੋ' ਵਰਕਸ਼ਾਪਾਂ ਦੇ ਅਧਾਰ 'ਤੇ ਹੀ, 2004 ਦੀ ਬਸੰਤ ਰੁਤ ਵਿਚ ਚਾਰ ਹੋਰ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ। ਇਹਨਾਂ ਵਰਕਸ਼ਾਪਾਂ ਦਾ ਕੇਂਦਰਬਿੰਦੂ ਸਥਾਨਕ ਮੁੱਦਿਆਂ ਲਈ ਸਥਾਨਕ ਹੱਲ ਪਛਾਣਨਾ ਸੀ। ਉਦੇਸ਼ ਹਿੱਸੇਦਾਰੀ ਵਿਚ ਕੰਮ ਕਰਨ ਅਤੇ ਮੁਹਾਰਤ ਸਾਂਝੀ ਕਰਨ ਨੂੰ ਹੱਲਾਸ਼ੇਰੀ ਦੇ ਕੇ

ਮੌਜੂਦਾ ਸੇਵਾਵਾਂ ਦੇ ਮੁੜ ਵਿਕਾਸ ਉਤੇ ਧਿਆਨ ਕੇਂਦਰਿਤ ਕਰਨ ਦਾ ਸੀ। ਹਿੱਸਾ ਲੈਣ ਵਾਲਿਆਂ ਵੱਲੋਂ ਸਥਾਨਕ ਸੇਵਾ ਦੀ ਰੂਪਰੇਖਾ ਬਾਰੇ ਜਾਣਕਾਰੀ ਨੇ ਸੇਵਾ ਦਾ ਖਾਕਾ ਬਣਾਉਣ ਦੀ ਪ੍ਰਕ੍ਰਿਆ ਵਿਚ ਹਿੱਸਾ ਪਾਇਆ ਅਤੇ ਸਲਾਹਕਾਰੀ ਯੋਜਨਾਬੰਦੀ ਗਰੁਪਾਂ ਵਿਚ ਵਿਚਾਰ-ਵਟਾਂਦਰੇ ਲਈ ਸੰਭਵ ਦਖਲਅੰਦਾਜ਼ੀ ਕੀਤੀ ਗਈ। ਇਸ ਨਾਲ ਇਹ ਯਕੀਨੀ ਹੋਇਆ ਕਿ ਮੂਹਰਲੀ-ਕਤਾਰ ਦੇ ਕਾਮੇ ਅਤੇ ਸਥਾਨਕ ਨਿਵਾਸੀ ਯੋਜਨਾਬੰਦੀ ਦੀ ਬਣਤਰ ਦੀ ਵਿਧੀ ਵਿਚ ਆਪਣਾ ਯੋਗਦਾਨ ਦੇ ਸਕਣ।

**ਸੰਯੁਕਤ ਯੋਜਨਾਬੰਦੀ ਢਾਂਚੇ** - ਵਰਕਸ਼ਾਪਾਂ ਤੋਂ ਮਿਲੀ ਜਾਣਕਾਰੀ ਨੂੰ ਇਕੱਠਾ ਕਰਨ ਮਗਰੋਂ, ਸੰਯੁਕਤ ਯੋਜਨਾਬੰਦੀ ਗਰੁਪਾਂ ਨੇ ਹੇਠ ਲਿਖਿਆਂ 'ਤੇ ਵਿਚਾਰ ਕਰਨ ਦੇ ਅਧਾਰਤ ਕਾਰਜ-ਨੀਤੀ ਲਈ ਤਜਵੀਜ਼ਾਂ ਨਿਯਮਬੱਧ ਕੀਤੀਆਂ।

- ਪ੍ਰਤੱਖ ਲੋੜਾਂ
- ਕਾਨੂੰਨ, ਰਾਸ਼ਟਰੀ ਨੀਤੀਆਂ ਜਾਂ ਸਥਾਨਕ ਤੌਰ 'ਤੇ ਰਜ਼ਾਮੰਦੀ ਅਤੇ ਪਹਿਲਾਂ ਤੋਂ ਸਲਾਹ-ਮਸ਼ਵਰਾ ਹੋ ਚੁਕੀਆਂ ਯੋਜਨਾਵਾਂ ਕਾਰਨ 'ਗਿਵਨਜ਼' ਵਜੋਂ ਮੰਨੇ ਜਾਂਦੇ ਮੁੱਦੇ
- ਸਲਾਹ-ਮਸ਼ਵਰੇ ਅਤੇ ਰੁਝੇਵਿਆਂ ਦੀ ਪ੍ਰਕ੍ਰਿਆ ਦੇ ਨਤੀਜੇ
- ਚੰਗੇ ਅਭਿਆਸ ਦੀ ਜਾਣਕਾਰੀ
- ਵੈਨਲੈਸ ਵੇਲਜ਼ ਵਿਚ ਸਿਹਤ ਅਤੇ ਸਮਾਜਕ ਦੇਖਭਾਲ ਸਮੀਖਿਆ ਦੇ ਸਿਧਾਂਤ

**ਬੱਚੇ ਅਤੇ ਨੌਜਵਾਨ ਵਿਅਕਤੀ** - ਕਾਰਜਨੀਤੀ ਦਾ ਇਹ ਭਾਗ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਦੇ ਢਾਂਚੇ ਹਿੱਸੇਦਾਰੀ ਦੇ ਸੰਦਰਭ ਵਿਚ ਤੈਅ ਕੀਤਾ ਗਿਆ ਹੈ, ਜਿਸਨੇ ਕਾਰਡਿਫ ਵਿਚ, ਸ਼ਿਓਰ ਸਟਾਰਟ ਅਤੇ ਬੱਚਿਆਂ ਅਤੇ ਨੌਜਵਾਨਾਂ ਦੀ ਹਿੱਸੇਦਾਰੀ ਲਈ ਧਨ ਜੁਟਾਉਣ ਸਮੇਤ ਯੋਜਨਾਬੰਦੀ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦੇ ਪ੍ਰਬੰਧਨ ਪ੍ਰਤੀ ਬਹੁ-ਏਜੰਸੀ ਨਜ਼ਰੀਏ ਉਤੇ ਬਣਿਆ ਹੈ। ਕਾਨੂੰਨੀ ਅਤੇ ਗੈਰ-ਕਾਨੂੰਨ. ਸੰਸਥਾਵਾਂ ਢਾਂਚਾਗਤ ਹਿੱਸੇਦਾਰੀ ਪ੍ਰਤੀ ਸਮਰਪਿਤ ਹਨ, ਅਤੇ ਬਚਿਆਂ ਅਤੇ ਨੌਜਵਾਨ ਵਿਅਕਤੀਆਂ ਲਈ ਨੀਤੀਗਤ ਯੋਜਨਾਬੰਦੀ ਲਈ ਫੋਕਸ ਕੇਂਦਰਬਿੰਦੂ ਪ੍ਰਦਾਨ ਕਰਦੀਆਂ ਹਨ, ਭਾਵੇਂ ਕਿ ਇਹ ਮੰਨਿਆ ਹੋਇਆ ਹੈ ਕਿ ਪ੍ਰਮੁਖ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਢਾਂਚੇ ਲਈ ਯੋਜਨਾਬੰਦੀ ਪ੍ਰਕ੍ਰਿਆਵਾਂ ਦੇ ਨਾਲ-ਨਾਲ ਚਲਦੀਆਂ ਹਨ। ਇਹ ਤਜਵੀਜ਼ਾਂ ਵੈਨਲੈਸ ਸਥਾਨਕ ਕਾਰਜ ਯੋਜਨਾ ਸਮੇਤ ਹਿੱਸੇਦਾਰੀ, ਸਿਹਤ ਅਤੇ ਸਮਾਜਕ ਭਲਾਈ ਸੇਵਾਵਾਂ ਨਾਲ ਸੰਬੰਧਤ ਮਿਲ ਕੇ ਕੀਤੇ ਗਏ ਕੰਮ ਦੁਆਰਾ ਬਣਾਈਆਂ ਗਈਆਂ ਯੋਜਨਾਵਾਂ ਦਾ ਮਿਸ਼ਰਣ ਹੈ। ਇਹ ਸੰਯੁਕਤ ਨਜ਼ਰੀਆ ਵਿਸ਼ੇਸ਼ ਤੌਰ 'ਤੇ ਭਾਵਨਾਤਮਕ ਅਤੇ ਮਾਨਸਿਕ ਸਿਹਤ, ਪਰਿਵਾਰਕ ਹਮਾਇਤ ਅਤੇ ਅਯੋਗਤਾਵਾਂ/ਗੁੰਝਲਦਾਰ ਲੋੜਾਂ ਵਾਲੇ ਬੱਚਿਆਂ ਨਾਲ ਸੰਬੰਧਤ ਤਜਵੀਜ਼ਾਂ ਵਿਚ ਪ੍ਰਤੀਬਿੰਬਤ ਹੁੰਦਾ ਹੈ, ਜਿਵੇਂ ਕਿ ਹੇਠਾਂ ਰੇਖਾ ਚਿੱਤਰ ਵਿਚ ਦਿਖਾਇਆ ਹੈ।




**ਸਿਹਤ ਪ੍ਰਭਾਵ ਮੁਲਾਂਕਣ** - ਇਸ ਕਾਰਜ-ਨੀਤੀ ਨੂੰ ਲਾਗੂ ਕਰਨ ਅਤੇ ਸਮੀਖਿਆ ਕਰਨ ਵਿਚ, ਸਾਰੇ ਹਿੱਸੇਦਾਰਾਂ ਨੂੰ ਸਿਹਤ ਪ੍ਰਭਾਵ ਮੁਲਾਂਕਣ ਨੂੰ ਇਕ ਸਾਧਨ ਵਜੋਂ ਵਰਤਣ ਲਈ ਕਿਹਾ ਜਾਵੇਗਾ, ਜੋ ਕਿ ਸਿਹਤ, ਸਮਾਜਕ ਦੇਖਭਾਲ ਅਤੇ ਭਲਾਈ ਕਾਰਜ-ਨੀਤੀ ਦੇ ਅੱਗੇ ਹੋਰ ਵਿਕਾਸ ਪ੍ਰਤੀ ਏਕੀਕ੍ਰਿਤ ਨਜ਼ਰੀਏ ਦੇ ਵਿਕਾਸ ਵਿਚ ਸਹਾਇਤਾ ਕਰੇਗਾ। ਕਾਰਜ-ਨੀਤੀ ਦੇ ਵਿਕਾਸ ਦੀ ਪ੍ਰਕ੍ਰਿਆ ਦੇ ਹਿੱਸੇ ਵਜੋਂ ਇਕ ਨਸਲੀ ਬਰਾਬਰੀ ਪ੍ਰਭਾਵ ਮੁਲਾਂਕਣ ਪੂਰਾ ਕਰ ਲਿਆ ਗਿਆ ਹੈ। ਇਹ ਅਲੱਗ ਤੌਰ 'ਤੇ ਕਾਰਡਿਫ ਸਿਹਤ ਗਠਜੋੜ ਵੈਬਸਾਈਟ **www.cardiffhealthalliance.org** 'ਤੇ ਛਾਪਿਆ ਗਿਆ ਹੈ।

**ਮਾੜੀ ਸਿਹਤ ਦੀਆਂ ਜੜ੍ਹਾਂ ਕਾਰਨਾਂ 'ਤੇ ਕਾਬੂ ਪਾਉਣਾ**

ਕਾਰਡਿਫ ਦੀ ਭਾਈਚਾਰਕ ਕਾਰਜ-ਨੀਤੀ ਸ਼ਹਿਰ ਦੇ ਆਰਥਿਕ, ਸਮਾਜਕ ਅਤੇ ਵਾਤਾਵਰਣਿਕ ਭਲਾਈ ਨੂੰ ਉਨਤ ਕਰਨ ਲਈ ਕੁੰਜੀਵਤ ਉਦੇਸ਼ ਤੈਅ ਕਰਦੀ ਹੈ, ਇਹਨਾਂ ਦਾ ਉਦੇਸ਼ ਹੇਠ ਲਿਖਿਆਂ ਨੂੰ ਬੇਹਤਰ ਬਣਾਉਣਾ ਹੈ:

- ਜ਼ਿੰਦਗੀ ਲਈ ਸਿੱਖਿਆ ਅਤੇ ਸਿਖਲਾਈ
- ਵਾਤਾਵਰਣ
- ਭਾਈਚਾਰੇ, ਹਾਊਸਿੰਗ ਅਤੇ ਸਮਾਜਕ ਨਿਆਂ
- ਉੱਦਮ ਅਤੇ ਢੋਆ-ਢੁਆਈ
- ਖੇਡਾਂ, ਵਿਹਲ ਅਤੇ ਸਭਿਆਚਾਰ

## ਸਿਹਤ ਵਿਚ ਨਾਬਰਾਬਰੀਆਂ 'ਤੇ ਕਾਬੂ ਪਾਉਣਾ

ਕਾਰਡਿਫ ਦੇ ਇਲਾਕਿਆਂ ਦੇ ਅੰਦਰ ਅਤੇ ਆਪਸ ਵਿਚ ਸਿਹਤ ਵਿਚ ਵਿਆਪਕ ਨਾਬਰਾਬਰੀਆਂ ਮੌਜੂਦ ਹਨ। ਰਾਜਧਾਨੀ ਸ਼ਹਿਰ ਵਜੋਂ ਅਤੇ ਵੇਲਜ਼ ਵਿਚ ਸਭ ਤੋਂ ਵੱਡਾ ਮੈਟਰੋਪੋਲੀਟਨ ਖੇਤਰ ਕਾਰਡਿਫ, ਵਿਚ ਉਹਨਾਂ ਵਿਸ਼ੇਸ਼ ਲੋੜਾਂ ਵਾਲੇ ਭਾਈਚਾਰਿਆਂ ਦੀ ਸੰਘਣਤਾ ਹੈ, ਜੋ ਕਿ ਵੱਡੇ ਪ੍ਰਮੁਖ ਸ਼ਹਿਰ ਨਾਲ ਜੁੜੇ ਹੋਏ ਹਨ। ਸਥਾਨਕ/ਵਾਰਡ ਪੱਧਰ 'ਤੇ ਨਾਬਰਾਬਰੀਆਂ ਨੂੰ ਸੰਬੋਧਨ ਕਰਨ ਦਾ ਕੰਮ ਸਲਾਹਕਾਰੀ ਯੋਜਨਾਬੰਦੀ ਗਰੁੱਪਾਂ ਦਾ ਮੁੱਖ ਕੇਂਦਰਬਿੰਦੂ ਹੋਏਗਾ। ਲਾਗੂ ਕਰਨ ਦੀਆਂ ਯੋਜਨਾਵਾਂ ਵਿਕਸਿਤ ਕਰਨ ਦਾ ਉਨ੍ਹਾਂ ਦਾ ਕੰਮ ਇਹ ਯਕੀਨੀ ਬਣਾਏਗਾ ਕਿ ਸਥਾਨਕ ਮੁੱਦਿਆਂ ਦੇ ਸਥਾਨਕ ਹੱਲ ਸਹਿਮਤੀ ਪ੍ਰਾਪਤ ਨੀਤੀਗਤ ਟੀਚਿਆਂ ਅਤੇ ਉਦੇਸ਼ਾਂ ਦੇ ਅਨੁਰੂਪ ਹਨ।

ਵਿਸ਼ੇਸ਼ ਲੋੜਾਂ ਵਾਸਤੇ ਭਾਈਚਾਰਿਆਂ 'ਤੇ ਸਿਹਤ, ਸਮਾਜਕ ਦੇਖਭਾਲ ਅਤੇ ਭਲਾਈ ਕਾਰਜ-ਨੀਤੀ ਲਈ ਇਕ ਮਹੱਤਵਪੂਰਨ ਮੁੱਦੇ ਵਜੋ ਸਹਿਮਤੀ ਹੋਈ ਹੈ। ਇਹ ਭਾਈਚਾਰੇ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ, ਬੇਘਰੇ ਲੋਕ, ਸ਼ਰਨ ਮੰਗਣ ਵਾਲੇ, ਖਾਨਾਬਦੋਸ਼ ਅਤੇ ਯਾਤਰੂ ਅਤੇ ਐਚ ਆਈ ਵੀ ਤੇ ਏਡਜ਼ ਪੀੜਤ ਲੋਕਾਂ ਵਲੋਂ ਪਛਾਣੇ ਗਏ ਹਨ। ਹੇਠਾਂ ਗ੍ਰਾਹਕ ਗਰੁੱਪ ਸੈਕਸ਼ਨ ਦੇ ਅੰਦਰ ਸ਼ਰਨ ਮੰਗਣ ਵਾਲਿਆਂ, ਖਾਨਾਬਦੋਸ਼ ਅਤੇ ਯਾਤਰੂਆਂ, ਬੇਘਰਿਆਂ, ਐਚ. ਆਈ. ਵੀ. ਤੇ ਏਡਜ਼ ਪੀੜਤ ਲੋਕਾਂ ਨਾਲ ਸੰਬੰਧਤ ਵਿਸ਼ੇਸ਼ ਤਜਵੀਜ਼ਾਂ ਦੀ ਪਛਾਣ ਕੀਤੀ ਗਈ ਹੈ। ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੀਆਂ ਲੋੜਾਂ ਬਾਰੇ ਵਿਚਾਰ ਸਾਰੇ ਵਿਸ਼ੇਸ਼ਤਾਵਾਂ ਵਿਚ ਯੋਜਨਾਬੰਦੀ ਵਿਚ ਤਾਲਮੇਲ ਕਰਨ ਲਈ ਗਰੁੱਪ ਦੀ ਸਥਾਪਨਾ ਕਰਕੇ ਹੋਏਗਾ।

## ਸਥਾਨਕ ਲੋੜ ਨੂੰ ਪੂਰਾ ਕਰਨ ਲਈ ਤਜਵੀਜ਼ਾਂ

ਹੇਠ ਲਿਖੇ ਗਾਹਕ ਗਰੁਪਾਂ/ਸੇਵਾਂ ਖੇਤਰਾਂ ਦੇ ਮੁਤਾਬਕ ਸਥਾਨਕ ਲੋੜ ਦੇ ਜਵਾਬ ਵਿਚ ਪਛਾਣੇ ਗਏ ਵਿਕਾਸ ਦੇ ਪ੍ਰਮੁਖ ਖੇਤਰ ਇਹ ਹਨ:

- ਸੰਵੇਦਨਸ਼ੀਲ ਸੇਵਾਵਾਂ ਅਤੇ ਪੁਰਾਣੀ ਬੀਮਾਰੀ ਦਾ ਪ੍ਰਬੰਧਨ
- ਮਾਨਸਿਕ ਸਿਹਤ
- ਬਜ਼ੁਰਗ ਲੋਕ
- ਬੱਚੇ ਅਤੇ ਨੌਜਵਾਨ ਲੋਕ
- ਸਰੀਰਕ ਅਤੇ ਸੰਵੇਦਨਾਤਮਕ ਅਯੋਗਤਾ
- ਸਿਖਲਾਈ ਅਯੋਗਤਾ
- ਨਿਗਰਾਨ
- ਜੇਲ੍ਹ ਸਿਹਤ
- ਪਦਾਰਥ ਦੀ ਦੁਰਵਰਤੋਂ
- ਨਿਆਸਰਾਪਣ
- ਸ਼ਰਨ ਮੰਗਣ ਵਾਲੇ ਅਤੇ ਸ਼ਰਨਾਰਥੀ
- ਲਿੰਗੀ ਸਿਹਤ
- ਖਾਨਾਬਦੋਸ਼ ਅਤੇ ਯਾਤਰੂ

# ਵਿਸਤਰਿਤ ਤਜਵੀਜ਼ਾਂ ਦਾ ਸਾਰ-ਅੰਸ਼

## ਸੰਵੇਦਨਸ਼ੀਲ ਸੇਵਾਵਾਂ ਅਤੇ ਪੁਰਾਣੀ ਬੀਮਾਰੀ ਦਾ ਪ੍ਰਬੰਧਨ

- ਪੁਰਾਣੀ ਬੀਮਾਰੀ ਪ੍ਰਬੰਧਨ ਦੇ ਨਰਸ ਪ੍ਰੈਕਟੀਸ਼ਨਰ ਵੱਲੋਂ ਚਲਾਏ ਜਾਂਦੇ ਭਾਈਚਾਰਕ ਮਾਡਲ ਨੂੰ ਵਿਕਸਿਤ ਕਰਨ ਸਮੇਤ ਮਜਬੂਤ ਭਾਈਚਾਰਕ ਸੇਵਾਵਾਂ ਵਿਕਸਿਤ ਕਰਨਾ।
- ਇਹ ਯਕੀਨੀ ਬਣਾਉਣ ਲਈ ਦਰਮਿਆਨੀ ਦੇਖਭਾਲ ਦੀਆਂ ਸੇਵਾਵਾਂ ਵਿਕਸਿਤ ਕਰਨਾ ਕਿ ਮਰੀਜ਼ਾਂ ਦਾ ਇਲਾਜ ਸਭ ਤੋਂ ਢੁਕਵੇਂ ਮਾਹੌਲ ਵਿਚ ਉਚਿਤ ਸਮੇਂ 'ਤੇ ਕੀਤਾ ਜਾਂਦਾ ਹੈ, ਅਤੇ ਇੰਝ ਸੰਵੇਦਨਸ਼ੀਲ ਸਮਰੱਥਾ 'ਤੇ ਦਬਾਅ ਘੱਟ ਜਾਂਦਾ ਹੈ।
- 2004-2005 ਵਿਚ ਕਾਰਡਿਫ ਅਤੇ ਵੇਲ ਐਨ ਐਚ ਐਸ ਟਰੱਸਟ ਦੇ ਸੰਬੰਧ ਵਿਚ, ਕਲਿਨਿਕਲ ਸੇਵਾਵਾਂ ਕਾਰਜ-ਨੀਤੀ ਦੀ ਸਮੀਖਿਆ ਕਰਨਾ।
- ਇਕ ਨਵੀਂ ਚਲੰਤ ਪ੍ਰਮੁਖ ਸੇਵਾ ਅਤੇ ਬਾਹਰ ਜਾਣ ਵਾਲੇ ਮਰੀਜ਼ਾਂ ਦੇ ਨਵੇਂ ਮਾਡਲ ਸੌਂਪ ਕੇ ਓਰਥੋਪੀਡਿਕਸ ਸੇਵਾਵਾਂ ਬੇਹਤਰ ਬਣਾਉਣ ਲਈ ਯੋਜਨਾ ਵਿਕਸਿਤ ਕਰਨਾ।
- ਸਮੁੱਚੇ ਵੇਲਜ਼ ਕੈਂਸਰ ਮਿਆਰਾਂ ਨੂੰ ਪੂਰਾ ਕਰਨ ਵਾਲੀ ਇਕ ਨਿਰੰਤਰ ਕੈਂਸਰ ਸੇਵਾ ਵਿਕਸਿਤ ਕਰਨਾ।
- ਔਰਤਾਂ ਅਤੇ ਉਹਨਾਂ ਦੇ ਬੱਚਿਆਂ ਲਈ ਡਾਕਟਰੀ ਪੱਧਰ 'ਤੇ ਸੁਰੱਖਿਅਤ ਅਤੇ ਨਿਰੰਤਰ ਸੇਵਾਵਾਂ ਵਿਕਸਿਤ ਕਰਨਾ।

## ਮਾਨਸਿਕ ਸਿਹਤ

ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਵਾਲੇ ਬਾਲਗਾਂ ਦੀ ਲੰਬੀ ਮਿਆਦ ਦੀ ਸਿਹਤ, ਸਮਾਜਕ ਦੇਖਭਾਲ ਅਤੇ ਭਲਾਈ ਨੂੰ ਇਹਨਾਂ ਰਾਹੀਂ ਬੇਹਤਰ ਬਣਾਉਣਾ:

- ਮਾਨਸਿਕ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਲਈ ਚੰਗੀ ਮਾਨਸਿਕ ਸਿਹਤ ਅਤੇ ਪ੍ਰਾਇਮਰੀ ਸੰਭਾਲ ਸੇਵਾਵਾਂ ਨੂੰ ਉਤਸਾਹਤ ਕਰਨਾ
- ਪ੍ਰਾਇਮਰੀ ਸੰਭਾਲ ਪੱਧਰ 'ਤੇ ਮੌਜੂਦ ਕਈ ਸਾਰੀਆਂ ਸੇਵਾਵਾਂ ਵਿਚ ਲਗਾਉਣਾ
- ਭਾਈਚਾਰੇ 'ਤੇ ਅਧਾਰਤ ਸੇਵਾਵਾਂ ਦੀ ਗਿਣਤੀ ਅਤੇ ਮਿਆਰ ਵਿਚ ਇਹ ਯਕੀਨੀ ਬਣਾਉਂਦੇ ਹੋਏ ਵਾਧਾ ਕਰਨਾ ਕਿ ਇਹ ਸੇਵਾਵਾਂ ਵਰਤਣ ਵਾਲਿਆਂ ਅਤੇ ਉਹਨਾਂ ਦੇ ਨਿਗਰਾਨਾਂ ਦੀਆਂ ਲੋੜਾਂ ਪੂਰੀਆਂ ਕਰਦੀਆਂ ਹੋਣ।
- ਦਿਮਾਗੀ ਤੌਰ 'ਤੇ ਖਰਾਬ ਸਿਹਤ ਦੀ ਮਿਆਦ ਦੌਰਾਨ ਸੇਵਾ ਵਰਤਣ ਵਾਲਿਆਂ ਲਈ ਜਿੰਨੀ ਛੇਤੀ ਸੰਭਵ ਹੋ ਸਕੇ, ਦਖਲਅੰਦਾਜ਼ੀ ਨੂੰ ਯਕੀਨੀ ਬਣਾਉਣਾ
- ਇਹ ਯਕੀਨੀ ਬਣਾਉਣਾ ਕਿ ਜਿਹਨਾਂ ਲੋਕਾਂ ਨੂੰ ਹਸਪਤਾਲ ਦੀ ਦੇਖਭਾਲ ਦੀ ਲੋੜ ਹੈ, ਉਹਨਾਂ ਨੂੰ ਉਹ ਸਹੀ ਸਮੇਂ 'ਤੇ ਮਿਲੇ ਪਰ ਸਿਰਫ ਉਨੇ ਸਮੇਂ ਲਈ ਹੀ, ਜਿੰਨੇ ਚਿਰ ਲਈ ਉਹਨਾਂ ਨੂੰ ਇਸ ਦੀ ਲੋੜ ਹੈ।
- ਪੁਰਾਣੀਆਂ ਹਸਪਤਾਲ ਸਹੂਲਤਾਂ ਨੂੰ ਆਧੁਨਿਕ ਸਹੂਲਤਾਂ ਵਿਚ ਬਦਲਣਾ।
- ਇਹ ਯਕੀਨੀ ਬਣਾਉਣਾ ਕਿ ਸਰਕਾਰੀ, ਸਵੈ-ਸੇਵੀ ਅਤੇ ਪ੍ਰਾਈਵੇਟ ਸੰਗਠਨ ਬਰਾਬਰ ਦੇ ਹਿੱਸੇਦਾਰਾਂ ਵਜੋਂ ਇਹ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਕੱਠੇ ਮਿਲ ਕੇ ਕੰਮ ਕਰਨ।

### ਰੋਕਥਾਮ, ਸਿਹਤ ਪ੍ਰਚਾਰ, ਪਹਿਲ ਅਤੇ ਭਾਈਚਾਰਕ ਸੇਵਾਵਾਂ

- ਦਿਮਾਗੀ ਸਿਹਤ ਰੋਕਥਾਮ ਕਾਰਜ ਯੋਜਨਾ ਲਾਗੂ ਕਰਨਾ
- ਪ੍ਰਾਇਮਰੀ ਦੇਖਭਾਲ ਦਿਮਾਗੀ ਸਿਹਤ ਸੇਵਾਵਾਂ ਲਈ ਇਕ ਕਾਰਜ-ਨੀਤੀ ਵਿਕਸਿਤ ਕਰਨਾ
- ਪ੍ਰਾਇਮਰੀ ਦੇਖਭਾਲ ਤਾਲਮੇਲ ਸੇਵਾ ਲਾਗੂ ਕਰਨਾ
- ਸਿੱਖਿਆ, ਰੋਜ਼ਗਾਰ ਅਤੇ ਦਿਨ ਦੀਆਂ ਸੇਵਾਵਾਂ ਕਾਰਜ ਯੋਜਨਾ ਲਾਗੂ ਕਰਨਾ
- ਪ੍ਰਾਇਮਰੀ ਦੇਖਭਾਲ ਸੇਵਾਵਾਂ ਨਾਲ 'ਸਾਂਝੀ ਦੇਖਭਾਲ' ਦੀ ਵਰਤੋਂ ਵਿਚ ਵਾਧਾ ਕਰਨਾ
- ਨਿਗਰਾਨਾਂ ਲਈ ਬੇਹਤਰ ਢਾਂਚੇ ਵਾਲੇ ਸਮਰਥਨ ਦੀਆਂ ਤਜਵੀਜ਼ਾਂ ਵਿਕਸਿਤ ਕਰਨਾ

### ਪਹਿਲਾ ਸੰਪਰਕ, ਮੁਲਾਂਕਣ ਅਤੇ ਸੰਕਟ ਦਖਲਅੰਦਾਜ਼ੀ

- ਵੈਲਸ਼ ਵਿਧਾਨ ਸਭਾ ਸਰਕਾਰ ਰਾਹਨੁਮਾਈ ਦੇ ਅਨੁਰੂਪ ਪੂਰੀ ਤਰ੍ਹਾਂ ਦੇਖਭਾਲ ਪ੍ਰੋਗਰਾਮ ਨਜ਼ਰੀਏ ਨੂੰ ਲਾਗੂ ਕਰਨਾ
- ਸੰਕਟ ਦਖਲਅੰਦਾਜ਼ੀ ਟੀਮ ਅਤੇ ਸੰਬੰਧਤ ਅਲਾਈਡ ਸੇਵਾਵਾਂ ਵਿਕਸਿਤ ਕਰਨਾ
- ਸੰਕਟ ਦਖਲਅੰਦਾਜ਼ੀ ਕ੍ਰਾਇਸਿਸ ਇੰਟਰਵੈਂਸ਼ਨ ਦੀ ਹਮਾਇਤ ਲਈ ਸਮਰਥਿਤ ਰਿਹਾਇਸ਼ੀ ਸੇਵਾ ਵਿਕਸਿਤ ਕਰਨਾ
- ਸਾਰੀਆਂ ਭਾਈਚਾਰਕ ਮਾਨਸਿਕ ਸਿਹਤ ਟੀਮਾਂ ਲਈ ਵਿਸਤ੍ਰਿਤ ਘੰਟਿਆਂ ਦੀ ਸੇਵਾ ਲਾਗੂ ਕਰਨਾ
- ਇਨ-ਪੇਸ਼ੈਂਟ ਪ੍ਰਬੰਧ ਦੇ ਬਦਲੇ ਦਿਨ ਦੇ ਹਸਪਤਾਲ ਦੀ ਵਿਵਸਥਾ ਮੁੜ ਵਿਕਸਿਤ ਕਰਨਾ।
- ਮੌਜੂਦਾ 6 ਭਾਈਚਾਰਕ ਮਾਨਸਿਕ ਸਿਹਤ ਟੀਮਾਂ ਨੂੰ 5 ਟੀਮਾਂ ਵਿਚ ਬਦਲਣਾ ਅਤੇ ਬਜ਼ੁਰਗ ਵਿਅਕਤੀਆਂ ਲਈ ਚੌਥੀ ਭਾਈਚਾਰਕ ਟੀਮ ਬਣਾਉਣਾ।
- ਸੰਕਟ ਦਖਲ ਅੰਦਾਜ਼ੀ ਸੇਵਾ ਦੇ ਅੰਦਰ ਦੋ ਟੀਮਾਂ ਵਿਕਸਿਤ ਕਰਨਾ।

**ਮਾਹਿਰ ਸੰਵੇਦਨਸ਼ੀਨ ਸੇਵਾਵਾਂ :-**

- ਭਾਈਚਾਰੇ ਵਿਚ ਲੰਬੀ ਮਿਆਦ ਦੀਆਂ ਦੇਖਭਾਲ ਸੇਵਾਵਾਂ ਵਿਕਸਿਤ ਕਰਨਾ ਤੇ ਇਨ-ਪੇਸ਼ੈਂਟ ਰਿਹਾਇਸ਼ 'ਤੇ ਨਿਰਭਰਤਾ ਘਟਾਉਣਾ।
- ਚੁਣੌਤੀਪੂਰਨ ਵਤੀਰਿਆਂ ਲਈ ਸਥਾਨਕ ਸੇਵਾ ਵਿਕਸਿਤ ਕਰਨਾ।

ਦੂਜੀਆਂ ਮਹੱਤਵਪੂਰਨ ਤਜਵੀਜ਼ਾਂ ਵਿਚ ਸ਼ਾਮਲ ਹਨ :

- ਭਾਈਚਾਰੇ ਵਿਚ ਪੁਨਰ ਵਸੇਬੇ ਅਤੇ ਏਕੀਕਰਨ 'ਤੇ ਧਿਆਨ ਕੇਂਦਰਿਤ ਕਰਨ ਲਈ ਦਿਨ ਦੀ ਸੇਵਾ ਦੀ ਵਿਵਸਥਾ ਦਾ ਮੁੜ ਨਿਰਮਾਣ।
- ਮਾਨਸਿਕ ਸਿਹਤ ਸੇਵਾਵਾਂ ਲਈ ਸੰਯੁਕਤ ਕਮਿਸ਼ਨਿੰਗ ਕਾਰਜ-ਨੀਤੀ ਵਿਕਸਿਤ ਕਰਨਾ।
- ਮਾਨਸਿਕ ਸਿਹਤ ਲਈ ਸੰਯੁਕਤ ਵਰਕਫੋਰਸ ਯੋਜਨਾ ਵਿਕਸਿਤ ਕਰਨਾ।
- ਦੁਬਾਰਾ ਰੂਪਰੇਖਾ ਸੂਚਿਤ ਕਰਨ ਲਈ ਸਾਰੀਆਂ ਸੇਵਾਵਾਂ ਵਿਚ ਮੌਜੂਦਾ ਵਿਤੀ ਸਰੋਤਾਂ ਦਾ ਖਾਕਾ ਬਣਾਉਣਾ।
- ਇਕ ਏਕੀਕ੍ਰਿਤ ਸੇਵਾ ਲਈ ਪਹਿਲੇ ਪੜਾਅ ਵਜੋਂ ਸਿਹਤ ਤੇ ਸਥਾਨਕ ਅਥਾਰਟੀ ਬਜਟ ਲਈ ਧਨ ਇਕੱਠਾ ਕਰਨ ਦੀਆਂ ਤਜਵੀਜ਼ਾਂ ਵਿਕਸਿਤ ਕਰਨਾ।

## ਬਜ਼ੁਰਗ ਵਿਅਕਤੀ

**ਆਮ**

- ਇਹ ਯਕੀਨੀ ਬਣਾਉਣਾ ਕਿ ਕਾਰਡਿਫ ਦੀ ਬਜ਼ੁਰਗ ਲੋਕਾਂ ਦੀ ਕਾਰਜ-ਨੀਤੀ ਵਿਚ ਬਜ਼ੁਰਗਾਂ ਦੀਆਂ ਸਿਹਤ ਅਤੇ ਭਲਾਈ ਲੋੜਾਂ ਨੂੰ ਸੰਬੋਧਨ ਕੀਤਾ ਜਾਂਦਾ ਹੈ।
- ਇਹ ਯਕੀਨੀ ਬਣਾਉਣਾ ਕਿ ਬਜ਼ੁਰਗ ਲੋਕਾਂ ਨੂੰ ਸਭਿਆਚਾਰ ਪੱਖੋਂ ਸੰਵਦੇਨਸ਼ੀਲ ਸੇਵਾਵਾਂ ਮਿਲਣ।

**ਭਾਈਚਾਰੇ ਵਿਚ ਸਿਹਤ ਦੀ ਉਨਤੀ, ਮਾੜੀ ਸਿਹਤ ਦੀ ਰੋਕਥਾਮ ਅਤੇ ਬਜ਼ੁਰਗਾਂ ਦੀ ਸਿਹਤ-ਸੰਭਾਲ**

- ਬਜ਼ੁਰਗਾਂ ਲਈ ਏਜਿੰਗ ਵੈਲ ਐਕਸ਼ਨ ਪਲਾਨ (Ageing well action plan) ਨੂੰ ਲਾਗੂ ਕਰਨਾ।
- ਡਿਗਣ ਤੋਂ ਬਚਣ ਲਈ ਕਾਰਜ-ਨੀਤੀ ਤੇ ਢੁਕਵੇਂ ਦੇਖਭਾਲ ਰਸਤੇ (Care pathway) ਨੂੰ ਵਿਕਸਿਤ ਕਰਨਾ।
- ਬਜ਼ੁਰਗਾਂ ਦੀ ਸਿਹਤ ਨੂੰ ਉਤਸ਼ਾਹਤ ਕਰਨ ਦੇ ਮੱਦੇ-ਨਜ਼ਰ ਇਕ ਸਕਰੀਨਿੰਗ ਮਾਡਲ ਵਿਕਸਿਤ ਕਰਨਾ।
- ਸਹਿਯੋਗੀ ਰਿਹਾਇਸ਼ ਲਈ ਸਹਿਯੋਗੀ ਤਕਨਾਲੋਜੀਆਂ ਦੀ ਵਰਤੋਂ ਨੂੰ ਵਿਕਸਿਤ ਕਰਨਾ।
- ਕਈ ਸਾਰੀਆਂ ਵਾਧੂ ਦੇਖਭਾਲ ਵਾਲੀਆਂ ਹਾਊਸਿੰਗ ਸਕੀਮਾਂ ਸਮੇਤ ਕਿਸੇ ਉਦੇਸ਼ ਤਹਿਤ ਬਣੀ ਰਿਹਾਇਸ਼ ਦੇ ਲੰਬੀ ਮਿਆਦ ਦੇ ਵਿਕਾਸ ਬਾਰੇ ਖੋਜਬੀਨ ਕਰਨਾ।
- ਤਰ੍ਹਾਂ ਤਰ੍ਹਾਂ ਦੀ ਪੁਰਾਣੀ ਬੀਮਾਰੀ ਤੋਂ ਪੀੜਤ ਬਜ਼ੁਰਗਾਂ ਲਈ ਨਰਸ ਪੇਸ਼ੇਵਰ ਵਲੋਂ ਚਲਾਏ ਜਾਂਦੇ ਮਾਡਲ ਨੂੰ ਲਾਗੂ ਕਰਨਾ।
- 24 ਘੰਟੇ ਸੇਵਾ ਮੁਹਈਆ ਕਰਾਉਣ ਲਈ ਕੇਂਦਰਿਤ ਘਰੇਲੂ ਦੇਖਭਾਲ ਸਮਰਥਨ ਦਾ ਵਿਸਤਾਰ ਕਰਨਾ।

**ਸੰਵੇਦਨਸ਼ੀਲ ਅਤੇ ਸੰਕਟ ਸੇਵਾਵਾਂ**

- ਦੇਖਭਾਲ ਦੇ ਦੇਰੀ ਨਾਲ ਤਬਾਦਲੇ ਦੇ ਪ੍ਰੋਗਰਾਮ ਨੂੰ ਵਿਕਸਿਤ ਕਰਨਾ ਤੇ ਲਾਗੂ ਕਰਨਾ
- ਹਸਪਤਾਲ ਵਿਚ ਬਜ਼ੁਰਗਾਂ ਪ੍ਰਤੀ ਰਵੱਈਏ, ਉਨ੍ਹਾਂ ਦੇ ਇਲਾਜ ਨੂੰ ਬੇਹਤਰ ਬਣਾਉਣ ਲਈ ਤਜਵੀਜ਼ਾਂ ਵਿਕਸਿਤ ਕਰਨਾ
- ਦਾਖਲ-ਮਰੀਜ਼ਾਂ ਦੀਆਂ ਸੇਵਾਵਾਂ ਬਾਰੇ ਬਜ਼ੁਰਗਾਂ ਨਾਲ ਸਲਾਹ-ਮਸ਼ਵਰੇ ਦੀ ਪ੍ਰਕ੍ਰਿਆ ਨੂੰ ਵਿਕਸਿਤ ਕਰਨਾ
- ਕਲਿਨਿਕਲ ਟੀਮਾਂ ਦੇ ਪ੍ਰਬੰਧਨ ਦੇ ਸਮਰਥਨ ਵਿਚ ਦਿਨ ਦੇ ਹਸਪਤਾਲਾਂ ਦੀ ਭੂਮਿਕਾ ਦੀ ਸਮੀਖਿਆ

**ਦਰਮਿਆਨੀ ਦੇਖਭਾਲ**

- ਦੇਖਭਾਲ ਦੀ ਨਿਰੰਤਰਤਾ ਵਧਾਉਣ ਲਈ ਇਕ ਜਗ੍ਹਾ 'ਤੇ ਕਈ ਸਾਰੀਆਂ ਦਰਮਿਆਨੀ ਦੇਖਭਾਲ ਸੇਵਾਵਾਂ ਨੂੰ ਇਕੱਠੇ ਕਰਨਾ।
- ਦਰਮਿਆਨੀ ਦੇਖਭਾਲ ਕਾਰਜ-ਨੀਤੀ 'ਘਰ ਦੇ ਨੇੜੇ' (Close to Home) ਦੀ ਸਮੀਖਿਆ ਅਤੇ ਨਿਜੀ ਸੇਵਾਵਾਂ ਦੀਆਂ ਭੂਮਿਕਾਵਾਂ ਦਾ ਸਪਸ਼ਟੀਕਰਨ ਕਰਨਾ।
- ਸੇਵਾਵਾਂ ਦਾ ਵਿਸਤਾਰ ਕਰਨਾ ਅਤੇ ਦਰਮਿਆਨੀ ਦੇਖਭਾਲ ਦੇ ਮਾਡਲ ਵਿਕਸਿਤ ਕਰਨਾ, ਜਿਵੇਂ ਕਿ ਦੇਖਭਾਲ ਦੇ ਘੇਰੇ ਨੂੰ ਯਕੀਨੀ ਬਣਾਉਣ ਲਈ 'ਘਰ ਦੇ ਨੇੜੇ' (Close to Home) ਵਿਚ ਤਜਵੀਜ਼ ਪੇਸ਼ ਕੀਤੀ ਗਈ ਹੈ।
- ਮੌਜੂਦਾ ਦਰਮਿਆਨੀ ਦੇਖਭਾਲ ਸੇਵਾਵਾਂ ਦਾ ਲੰਬੇ ਸਮੇਂ ਲਈ ਧਨ ਜੁਟਾਉਣ ਦੇ ਸਮਰਥਨ ਵਿਚ ਧਨ ਜੁਟਾਉਣ ਲਈ ਕਾਰਜ-ਨੀਤੀ ਵਿਕਸਿਤ ਕਰਨਾ।

### ਲੰਬੀ ਮਿਆਦ ਦੀ ਦੇਖਭਾਲ

- ਬਜ਼ੁਰਗਾਂ ਦੀ ਲੰਬੀ ਮਿਆਦ ਲਈ ਦੇਖਭਾਲ ਦੇ ਵਿਕਾਸ ਲਈ ਇਕ ਸਪੱਸ਼ਟ ਸੰਯੁਕਤ ਦੂਰਦ੍ਰਿਸ਼ਟੀ 'ਤੇ ਸਹਿਮਤੀ
- ਬਜ਼ੁਰਗਾਂ ਅਤੇ ਉਨ੍ਹਾਂ ਦੇ ਨਿਗਰਾਨਾਂ ਲਈ ਭਾਈਚਾਰਕ ਅਤੇ ਸਵੈ-ਸੇਵੀ ਗਤੀਵਿਧੀਆਂ ਦਾ ਖਾਕਾ ਬਣਾਉਣਾ ਅਤੇ ਖੇਤਰ ਵਿਚ ਸਮਰੱਥਾ ਵਿਕਸਿਤ ਕਰਨ ਦੀ ਯੋਜਨਾ ਨੂੰ ਸੂਚਿਤ ਕਰਨਾ
- ਮੌਜੂਦਾ ਬਜ਼ਾਰ ਦੀ ਸਮਰੱਥਾ ਨੂੰ ਸਥਿਰਤਾ ਦੇਣ ਲਈ ਸੁਤੰਤਰ ਦੇਖਭਾਲ ਘਰ ਖੇਤਰ ਵਿਚ ਨਵੇਂ ਸੇਵਾ ਮੁਹੱਈਆ ਕਰਨ ਵਾਲਿਆਂ ਨੂੰ ਉਤਸ਼ਾਹਤ ਕਰਨਾ।
- ਕਮਜ਼ੋਰ ਬਜ਼ੁਰਗਾਂ ਅਤੇ ਮਾਨਸਿਕ ਤੌਰ ਤੇ ਬੀਮਾਰ ਬਜ਼ੁਰਗਾਂ ਲਈ ਹਸਪਤਾਲ ਦੇ ਮਾਹੌਲ ਤੋਂ ਬਾਹਰ ਇਕ ਲੰਬੀ ਮਿਆਦ ਦੇ ਦੇਖਭਾਲ ਯੂਨਿਟ ਦੇ ਵਿਕਾਸ ਅਤੇ ਅਧਿਕਾਰ ਬਾਰੇ ਖੋਜਬੀਨ ਕਰਨਾ।

## ਬੱਚੇ ਅਤੇ ਨੌਜਵਾਨ ਵਿਅਕਤੀ

### ਬੱਚਿਆਂ ਦੇ ਸਮਾਜਕ ਸੇਵਾਵਾਂ ਅਧਿਕਾਰ ਸੌਂਪਣ ਦੀ ਕਾਰਜ-ਨੀਤੀ ਦੀਆਂ ਪ੍ਰਮੁੱਖਤਾਵਾਂ

- ਪ੍ਰਭਾਵਸ਼ਾਲੀ ਮੁਲਾਂਕਣ ਅਤੇ ਦੇਖਭਾਲ ਪ੍ਰਬੰਧਕ ਟੀਮਾਂ ਦਾ ਵਿਕਾਸ ਕਰਨਾ।
- ਚੰਗੇ ਨਤੀਜੇ ਸੁਰੱਖਿਅਤ ਕਰਨ ਦੇ ਨਾਲ-ਨਾਲ ਸਹਾਇਤਾ ਲਈ ਮੌਜੂਦ ਕਈ ਸਾਰੀਆਂ ਸੇਵਾਵਾਂ ਵਿਕਸਿਤ ਕਰਨਾ।
- ਦੇਖਭਾਲ ਕੀਤੇ ਜਾਣ ਵਾਲੇ ਬੱਚਿਆਂ ਲਈ ਰਿਹਾਇਸ਼ਾਂ ਹਾਸਲ ਰਨ ਵਿਚ ਸੁਧਾਰ ਕਰਨਾ।
- ਮੁਲਾਂਕਣ, ਦੇਖਭਾਲ ਯੋਜਨਾ, ਦਖਲਅੰਦਾਜ਼ੀ ਅਤੇ ਅਪਾਹਜ ਬੱਚਿਆਂ ਅਤੇ ਵਿਸ਼ੇਸ਼ ਸਿਹਤ ਲੋੜਾਂ ਵਾਲੇ ਬੱਚਿਆਂ ਲਈ ਸਮੀਖਿਆ, ਅਤੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੌਜੂਦ ਕਈ ਸੇਵਾਵਾਂ ਨੂੰ ਵਿਕਸਿਤ ਕਰਨ ਵਿਚ ਸਿਹਤ ਨਾਲ ਨੇੜਿਓਂ ਯੰਯੁਕਤ ਕੰਮਕਾਜ ਨੂੰ ਵਿਕਸਿਤ ਕਰਨਾ।
- ਦੇਖਭਾਲ ਛੱਡ ਕੇ ਜਾਣ ਵਾਲਿਆਂ ਲਈ ਰਿਹਾਇਸ਼ ਦੇ ਵਿਕਲਪਾਂ ਸਮੇਤ ਕਈ ਸਾਰੀਆਂ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਸੁਤੰਤਰ ਜੀਵਨ ਸਮਰਥਕ ਸੇਵਾ ਨੂੰ ਵਿਕਸਤ ਕਰਨਾ ਅਤੇ ਉਸ ਦੀ ਹਮਾਇਤ ਲਈ ਸਮਰੱਥਾ ਵਧਾਉਣਾ।
- ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਹਿੱਸੇਦਾਰੀ ਅਤੇ ਸ਼ਮੂਲੀਅਤ ਦੇ ਵਿਕਾਸ ਅਤੇ ਉਸ ਦੇ ਸਮਰਥਨ ਲਈ ਵਾਜ਼ਬ ਧਨ ਇਕੱਠਾ ਕਰਨ ਨੂੰ ਯਕੀਨੀ ਬਣਾਉਣਾ।
- ਨੀਤੀਗਤ ਕਮਿਸ਼ਨਿੰਗ ਢਾਂਚਾ ਵਿਕਸਿਤ ਕਰਨਾ।

ਇਸਦੇ ਨਾਲ ਹੀ, ਯੂਥ ਓਫੈਂਡਿੰਗ ਟੀਮ ਹੇਠ ਲਿਖੇ ਕਈ ਵਿਸ਼ੇਸ਼ ਮੁੱਦਿਆਂ ਨੂੰ ਵੀ ਸੰਬੋਧਨ ਕਰੇਗੀ:

- ਇਸ ਦੀ ਬਣਤਰ ਦੀ ਇਕ ਸਮੀਖਿਆ, ਇਹ ਯਕੀਨੀ ਬਣਾਉਣਾ ਕਿ ਇਹ ਇਸ ਉਦੇਸ਼ ਲਈ ਢੁਕਵੀਂ ਹੈ ਅਤੇ ਨੌਜਵਾਨ ਨਿਆਂ ਬੋਰਡ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਟੀਮ ਦੀ ਸਹਾਇਤਾ ਕਰਦੀ ਹੈ।
- ਰੈਫਰਲ ਆਰਡਰ ਪੈਨਲਾਂ ਦੀ ਸਥਾਪਨਾ
- ਮਾਪਿਆਂ ਤੇ ਸ਼ਿਕਾਰ ਵਿਅਕਤੀਆਂ ਨਾਲ ਇਸ ਦਾ ਕੰਮ ਵਧਾਉਣਾ
- ਦਖਲ ਦੀ ਮਦਦ ਨਾਲ ਅੰਤਮ ਚੇਤਾਵਨੀਆਂ ਦੀ ਗਿਣਤੀ ਵਧਾਉਣਾ

### ਕਾਰਡਿਫ ਬੱਚਿਆਂ ਦੀ ਹਿੱਸੇਦਾਰੀ – ਕੰਮ ਲਈ ਪ੍ਰਮੁਖਤਾਵਾਂ :

- ਭਾਵਨਾਤਮਕ ਸਿਹਤ ਵਿਚ ਸਥਾਨਕ ਅਭਿਆਸ ਅਤੇ ਉੱਦਮਾਂ ਨੂੰ ਉਤਸ਼ਾਹਤ ਕਰਨਾ ਜੋ ਕਿ ਬੱਚਿਆਂ ਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੌਰਾਨ ਤਣਾਓਪੂਰਨ ਸਮਿਆਂ ਵੇਲੇ ਮਾਨਸਿਕ ਸਿਹਤ ਸਮੱਸਿਆਵਾਂ ਦੇ ਪ੍ਰਭਾਵਾਂ ਤੋਂ ਦੂਰ ਰੱਖਣ ਦਾ ਉਨ੍ਹਾਂ ਦੇ ਪ੍ਰਭਾਵ ਘਟਾਉਣ ਵਿਚ ਮਦਦ ਕਰਦੇ ਹਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਤੋਂ ਬਚਾਉਂਦੇ ਹਨ।
- ਅਪ੍ਰੈਲ 2005 ਤੋਂ ਨਵੀਂ ਸੇਵਾ ਦੇ ਅਧਿਕਾਰ ਸੌਂਪਦੇ ਹੋਏ ਗੁੰਝਲਦਾਰ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਪੀੜਤ ਬੱਚਿਆਂ ਅਤੇ ਨੌਜਵਾਲਾਂ ਦੀਆਂ ਲੋੜਾਂ ਨਾਲ ਨਜਿੱਠਣ ਲਈ ਮਾਹਰ ਭਾਈਚਾਰੇ ਤੇ ਅਧਾਰਤ ਬੱਚਿਆਂ ਅਤੇ ਕਿਸ਼ੋਰਾਂ ਦੀਆਂ ਮਾਨਸਿਕ ਸਿਹਤ ਸੇਵਾਵਾਂ ਨੂੰ ਵਧਾਉਣਾ।
- ਅਕਤੂਬਰ 2008 ਤੱਕ ਕਾਨੂੰਨੀ, ਸਵੈ-ਸੇਵੀ ਤੇ ਪ੍ਰਾਈਵੇਟ ਖੇਤਰਾਂ ਵਿਚ ਮਾਪਿਆਂ ਅਤੇ ਹਿੱਸੇਦਾਰਾਂ ਨਾਲ ਇਕ ਪਰਿਵਾਰ ਸਮਰਥਨ ਕਾਰਜ-ਨੀਤੀ ਵਿਕਸਿਤ ਕਰਨ
- ਅਕਤੂਬਰ 2008 ਤੱਕ ਅਯੋਗਤਾਵਾਂ ਅਤੇ ਗੁੰਝਲਦਾਰ ਲੋੜਾਂ ਵਾਲੇ ਬੱਚਿਆਂ ਲਈ ਸੇਵਾਵਾਂ ਵਾਸਤੇ ਕਾਰਜ-ਨੀਤੀ ਵਿਕਸਿਤ ਕਰਨਾ।
- ਮਨੁੱਖੀ ਅਤੇ ਵਿਤੀ ਸਰੋਤਾਂ ਦੀ ਇਕ ਸੀਮਾ ਦੀ ਪਛਾਣ ਕਰਨਾ ਜੋ ਕਿ ਸਥਾਨਕ ਬਾਲ ਦੇਖਭਾਲ ਕਾਰਜ-ਨੀਤੀ ਦੀ ਵੰਡ ਵਿਚ ਯੋਗਦਾਨ ਦੇ ਸਕਣ।
- ਬਾਲ ਦੇਖਭਾਲ ਖੇਤਰ ਵਿਚ ਭਰਤੀ ਦੇ ਸਮਰਥਨ ਲਈ ਇਕ ਸਲਾਨਾ ਸਿਖਲਾਈ ਯੋਜਨਾ ਵਿਕਸਿਤ ਕਰਨਾ ਤੇ ਪੇਸ਼ੇਵਰ ਵਿਕਾਸ ਉਸਾਰੀ ਕਰਨਾ।
- ਇਹ ਯਕੀਨੀ ਬਣਾਉਣਾ ਲਈ ਸੇਵਾਵਾਂ ਪ੍ਰਦਾਨ ਕਰਨਾ ਕਿ ਸਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਚੁਣੌਤੀਪੂਰਨ ਸੁਰੱਖਿਅਤ ਅਨੰਦ ਮਾਣਨਯੋਗ ਖੇਡਣ ਦੇ ਮੌਕਿਆਂ ਤੱਕ ਪਹੁੰਚ ਮਿਲ ਸਕੇ।
- ਕਾਰਡਿਫ ਲਾਇਬਰੇਰੀ ਸੇਵਾ ਦੁਆਰਾ ਅਪਨਾਈਆਂ ਗਈਆਂ ਗਤੀਵਿਧੀਆਂ ਲਈ ਸਮਰਥਨ ਦੀ ਪਛਾਣ ਕਰਨਾ।
- ਇਕ ਭਾਈਚਾਰਕ ਕਲਾ ਵਿਕਾਸ ਕਾਰਜ-ਨੀਤੀ ਵਿਕਸਿਤ ਕਰਨਾ।

- ਨੌਜਵਾਨ ਸੇਵਾ ਤੇ ਦੂਜੇ ਹਿੱਸੇਦਾਰ ਰਾਹੀਂ ਬੱਚਿਆਂ ਤੇ ਨੌਜਵਾਨਾਂ ਲਈ ਹਫਤੇ ਦੇ ਅੰਤ ਵਿਚ ਛੁੱਟੀ ਅਤੇ ਹੋਰ ਛੁੱਟੀਆਂ ਦੀ ਵਿਵਸਥਾ ਵਧਾਉਣਾ।
- ਅਪ੍ਰੈਲ 2005 ਤੱਕ ਸਾਰੇ ਹਿੱਸੇਦਾਰਾਂ ਵਲੋਂ ਤਸਦੀਕ ਕੀਤੇ ਸੰਵਿਧਾਨ ਅਤੇ ਹਿੱਸੇਦਾਰੀ ਦੇ ਕੰਮ ਦੇ ਪ੍ਰਬੰਧਾਂ ਨੂੰ ਵਿਕਸਿਤ ਕਰਨਾ।
- ਅਕਤੂਬਰ 2005 ਤੱਕ ਬੱਚਿਆਂ ਅਤੇ ਨੌਜਵਾਨਾਂ ਦੀ ਹਿੱਸੇਦਾਰੀ ਦੇ ਢਾਂਚੇ ਨੂੰ ਉਤਸ਼ਾਹਤ ਕਰਨ ਲਈ ਕਾਰਜ-ਨੀਤੀ ਵਿਕਸਿਤ ਕਰਨਾ।
- ਜੂਨ 2005 ਤੱਕ ਬੱਚਿਆਂ ਅਤੇ ਨੌਜਵਾਨਾਂ ਦੀ ਹਿੱਸੇਦਾਰੀ ਦੇ ਢਾਂਚੇ ਅਤੇ ਬਾਹਰਲੀਆਂ ਸੰਬੰਧਤ ਸੰਸਥਾਵਾਂ ਵਿਚਾਲੇ ਮਸੌਦੇ ਵਿਕਸਿਤ ਕਰਨਾ।
- ਫਰਵਰੀ 2005 ਤੱਕ ਫੇਰ ਸਲਾਨਾ ਹਿੱਸੇਦਾਰੀ ਦੇ ਢਾਂਚੇ ਦੇ ਕੰਮਕਾਜ ਦੀ ਸਮੀਖਿਆ ਅਤੇ ਉਨ੍ਹਾਂ ਦੇ ਨਤੀਜਿਆਂ ਤੇ ਕਾਰਵਾਈ ਕਰਨਾ।
- ਅਕਤੂਬਰ 2008 ਤੱਕ ਮੁਲਾਂਕਣ ਪ੍ਰਕ੍ਰਿਆਵਾਂ ਤੋਂ ਸਬੂਤਾਂ ਦੇ ਅਧਾਰ 'ਤੇ ਹਿੱਸੇਦਾਰੀ ਸਿਖਲਾਈ ਅਤੇ ਫੈਸਲਾ ਕਰਨ ਦੀ ਵਿਧੀ ਵਿਕਸਿਤ ਕਰਨਾ।

**ਕਾਰਡਿਫ ਨੌਜਵਾਨਾਂ ਦੀ ਹਿੱਸੇਦਾਰੀ – ਕਾਰਜ ਲਈ ਪ੍ਰਮੁਖਤਾਵਾਂ**

- ਇਹ ਯਕੀਨੀ ਬਣਾਉਣਾ ਕਿ ਫੈਸਲਾ ਲੈਣ ਦੀ ਪ੍ਰਕ੍ਰਿਆ ਵਿਚ ਬੱਚਿਆਂ ਅਤੇ ਨੌਜਵਾਨਾਂ ਦੀ ਹਿੱਸੇਦਾਰੀ ਨੂੰ ਸ਼ਾਮਲ ਕਰਨ ਲਈ ਮਕੈਨੀਜ਼ਮ ਤੇ ਹਮਾਇਤ ਮੌਜੂਦ ਹੈ।
- ਨੌਜਵਾਨ ਵਿਅਕਤੀਆਂ ਦੇ ਵਿਸ਼ਵ-ਵਿਆਪੀ ਮੁੱਢਲੇ ਹੱਕਾਂ ਬਾਰੇ ਪ੍ਰਚਾਰ ਕਰਨ ਤੇ ਜਾਗਰੂਕਤਾ ਪੈਦਾ ਕਰਨ ਲਈ ਸਥਾਨਕ ਕਾਰਜ-ਨੀਤੀ ਵਿਕਸਿਤ ਕਰਨਾ ਅਤੇ ਲਾਗੂ ਕਰਨਾ
- ਭਾਈਚਾਰਕ ਤੇ ਸਵੈ-ਸੇਵੀ ਤਜ਼ਰਬਿਆਂ ਤੱਕ ਪਹੁੰਚ ਲਈ ਨੌਜਵਾਨ ਵਿਅਕਤੀਆਂ ਲਈ ਮੌਕੇ ਸੁਧਾਰਨ ਵਾਸਤੇ ਲਰਨਿੰਗ ਪਾਥਵੇਅਜ਼ 14-19 ਯੋਜਨਾ ਵਿਕਸਿਤ ਕਰਨਾ
- ਸੰਪਰਕ ਵਿਚ ਰਹਿਣ ਦੀ ਵਿਵਸਥਾ ਵਿਕਸਿਤ ਕਰਨਾ, ਪੜ੍ਹਾਈ, ਸਿਖਲਾਈ ਤੇ ਰੋਜ਼ਗਾਰ ਵਿਚਨਾ ਹੋਣ ਵਾਲੇ ਨੌਜਵਾਨਾਂ ਦੀ ਗਿਣਤੀ ਘਟਾਉਣਾ।
- CCET ਰਾਹੀਂ ਇਕ ਮੁਢਲੇ ਹੁਨਰਾਂ ਦੀ ਕਾਰਜ-ਨੀਤੀ ਕਾਰਡਿਫ ਲਈ ਵਿਕਸਿਤ ਕਰਨਾ ਅਤੇ ਲਾਗੂ ਕਰਨਾ, ਜਿਸ ਵਿਚ ਨੌਜਵਾਨਾਂ ਦੀਆਂ ਲੋੜਾਂ ਦਾ ਵਿਸ਼ੇਸ਼ ਹਵਾਲਾ ਹੋਏ।
- ਨੌਜਵਾਨਾਂ ਲਈ ਵਿਹਲ, ਸੰਸਕ੍ਰਿਤਕ ਤੇ ਮਨੋਰੰਜਨ ਗਤੀਵਿਧੀਆਂ ਸਣੇ ਸਕੂਲਾਂ ਤੋਂ ਬਾਹਰ ਦੀਆਂ ਗਤੀਵਿਧੀਆਂ ਬੇਹਤਰ ਵਧਾਉਣਾ।
- ਨੌਜਵਾਨਾਂ ਲਈ ਲਿੰਗੀ ਸਿਹਤ ਸੇਵਾ ਤੇ ਵਿਸ਼ੇਸ਼ ਧਿਆਨ ਕੇਂਦਰਤ ਕਰਕੇ ਸਿਹਤ ਦੇ ਖੇਤਰਾਂ ਵਿਚ ਪਛਾਣੀਆਂ ਗਈਆਂ ਲੋੜਾਂ ਪੂਰੀਆਂ ਕਰਨਾ।
- ਜਾਣਕਾਰੀ ਤੇ ਸਲਾਹ ਤੱਕ ਨੌਜਵਾਨਾਂ ਦੀ ਪਹੁੰਚ ਬੇਹਤਰ ਬਣਾਉਣ ਲਈ ਇਕ ਸਥਾਨਕ ਕਾਰਜ-ਨੀਤੀ ਵਿਕਸਿਤ ਕਰਨਾ।
- ਨੌਜਵਾਨਾਂ ਨੂੰ ਨਿਜੀ ਸਮਰਥਨ ਤੇ ਰਾਹਨੁਮਾਈ ਪੇਸ਼ ਕਰਨ ਵਾਲੀਆਂ ਵਿਧੀਆਂ ਹੋਰ ਵਿਕਸਿਤ ਕਰਨਾ ਤੇ ਬੇਹਤਰ ਬਣਾਉਣਾ।
- ਨੌਜਵਾਨਾਂ ਦੀ ਭਾਵਨਾਤਮਕ ਭਲਾਈ ਵਾਸਤੇ ਕਾਰਜਾਂ ਨੂੰ ਪਛਾਣਨਾ, ਪਹਿਲ ਦੇ ਅਧਾਰ 'ਤੇ ਤੈਅ ਕਰਨਾ ਤੇ ਲਾਗੂ ਕਰਨਾ
- ਬੱਚਿਆਂ ਤੇ ਨੌਜਵਾਨਾਂ ਨਾਲ ਕੰਮ ਕਰਦੀਆਂ ਸੰਸਥਾਵਾਂ ਵਿਚਾਲੇ ਜਾਣਕਾਰੀ ਸਾਂਝੀ ਕਰਨ ਲਈ ਪ੍ਰਬੰਧ ਵਿਕਸਿਤ ਕਰਨਾ ਤੇ ਲਾਗੂ ਕਰਨਾ।
- ਹਿੱਸੇਦਾਰੀ ਵਲੋਂ ਪਛਾਣੀਆਂ ਗਈਆਂ ਵਿਸ਼ੇਸ਼ ਲੋੜਾਂ ਪੂਰੀਆਂ ਕਰਨ ਲਈ ਸੰਯੁਕਤ ਸਿਖਲਾਈ ਗਤੀਵਿਧੀਆਂ ਦਾ ਵਿਸਤਾਰ ਕਰਨਾ
- ਨੌਜਵਾਨ ਵਿਅਕਤੀਆਂ ਦੀ ਹਿੱਸੇਦਾਰੀ ਵਿਚ ਕਾਰਜ ਕਰਨ ਲਈ ਪਹਿਲ ਵਾਲੇ ਖੇਤਰਾਂ ਨੂੰ ਪਛਾਨਣ ਲਈ ਲੋੜ ਦਾ ਇਕ ਆਧੁਨਿਕ ਲੇਖਾ ਜੋਖਾ ਕਰਨਾ

## ਸਰੀਰਕ ਤੇ ਸੰਵੇਦਨਾਤਮਕ ਅਯੋਗਤਾਵਾਂ

ਹੇਠ ਲਿਖੇ ਤਰੀਕਿਆਂ ਰਾਹੀਂ ਸਰੀਰਕ ਤੇ ਸੰਵੇਦਨਾਤਮਕ ਅਯੋਗਤਾਵਾਂ ਵਾਲੇ ਲੋਕਾਂ ਦੀ ਲੰਬੇ ਮਿਆਦ ਦੀ ਸਿਹਤ, ਸਮਾਜਕ ਦੇਖਭਾਲ, ਤੇ ਭਲਾਈ ਨੂੰ ਉਤਸ਼ਾਹਤ ਕਰਨਾ:

- ਸਰੀਰਕ ਅਯੋਗਤਾਵਾਂ ਵਾਲੇ ਲੋਕਾਂ ਦੀ ਸੁਰੱਖਿਆ ਕਰਨਾ, ਜੋ ਕਿ ਕਮਜ਼ੋਰ ਹਨ ਜਾਂ ਬੀਮਾਰ ਹੋ ਸਕਦੇ ਹਨ
- ਸਿਹਤ ਤੇ ਸਮਾਜਕ ਦੇਖਭਾਲ (ਸਵੈ-ਸੇਵੀ ਖੇਤਰ ਸਮੇਤ), ਹਾਊਸਿੰਗ ਤੇ ਹੋਰ ਸੰਬੰਧਤ ਸੇਵਾਵਾਂ ਤੋਂ ਬੇਜੋੜ ਤੇ ਸਹਾਇਕ ਸਮਰਥਨ ਮੁਹੱਈਆ ਕਰਨਾ
- ਇਹ ਯਕੀਨੀ ਬਣਾਉਣਾ ਕਿ ਸੇਵਾਵਾਂ, ਜਿਨ੍ਹਾਂ 'ਤੇ ਲੋਕ ਨਿਰਭਰ ਕਰਦੇ ਹਨ, ਉਹ ਉਨ੍ਹਾਂ ਦੀਆਂ ਲੋੜਾਂ ਪ੍ਰਤੀ ਜਵਾਬਦੇਹ ਹੋਣ ਅਤੇ ਨਿਰੰਤਰ ਰੂਪ ਵਿਚ ਮਾਲੀ ਸਹਾਇਤਾ ਪ੍ਰਾਪਤ ਹੋਣ।
- ਕਾਰਡਿਫ ਦੇ ਹੋਰ ਪੇਂਡੂ ਇਲਾਕਿਆਂ 'ਚ ਢੋਆ-ਢੁਆਈ, ਪਹੁੰਚ, ਆਉਣ-ਜਾਣ ਤੇ ਰਹਿਣ ਦੇ ਸੰਬੰਧ 'ਚ ਸਮੱਸਿਆਵਾਂ ਨਾਲ ਨਜਿੱਠਣਾ।
- ਸਰੀਰਕ ਅਯੋਗਤਾਵਾਂ ਵਾਲੇ ਵਿਅਕਤੀਆਂ ਵਿਰੁਧ ਵਿਤਕਰੇ ਤੇ ਕਾਬੂ ਪਾਉਣਾ।
- ਜੀਵਨ ਭਰ ਸਿਖਲਾਈ ਅਤੇ ਮਨੋਰੰਜਨ ਗਤੀਵਿਧੀਆਂ ਵਿਹਲ ਅਤੇ ਕੰਮ ਦੇ ਮੌਕਿਆਂ ਤੱਕ ਪਹੁੰਚ ਨੂੰ ਉਤਸ਼ਾਹਤ ਕਰਨਾ।
- ਸਰੀਰਕ ਅਯੋਗਤਾਵਾਂ ਵਾਲੇ ਵਿਅਕਤੀਆਂ ਪ੍ਰਤੀ ਸਕਾਰਾਤਮਕ ਰਵੱਈਏ ਅਤੇ ਸ਼ਮੂਲੀਅਤ ਨੂੰ ਉਤਸ਼ਾਹਤ ਕਰਨਾ।

**ਸਿਹਤ ਨੂੰ ਉਤਸ਼ਾਹਤ ਕਰਨਾ/ਰੋਕਥਾਮ**

- ਮੌਜੂਦਾ ਸੇਵਾਵਾਂ ਵਿਚ ਉਨ੍ਹਾਂ ਖੱਪਿਆਂ ਨੂੰ ਪਛਾਣਨਾ ਤੇ ਉਲੀਕਣਾ ਜੋ ਕਿ ਸਰੀਰਕ ਅਯੋਗਤਾਵਾਂ ਵਾਲੇ ਲੋਕਾਂ ਦੀ ਸਿਹਤ ਨੂੰ ਉਤਸ਼ਾਹਤ ਕਰਦੇ ਹਨ ਤੇ ਉਨ੍ਹਾਂ ਦੀ ਹਾਲਤ ਨੂੰ ਸਥਿਰ ਰੱਖਣਾ।
- ਅਪਾਹਜ ਲੋਕਾਂ ਲਈ ਸਕਾਰਾਤਮਕ ਰਵੱਈਏ ਨੂੰ ਉਤਸ਼ਾਹਤ ਕਰਨ ਵਾਲੀਆਂ ਰਾਸ਼ਟਰੀ ਮੁਹਿੰਮਾਂ ਲਈ ਸਥਾਨਕ ਮੁਹਿੰਮਾਂ ਤੇ ਕੜੀਆਂ ਵਿਕਸਿਤ ਕਰਨ ਦੇ ਵਿਕਲਪਾਂ ਬਾਰੇ ਛਾਣਬੀਣ ਕਰਨਾ।
- ਨਿਗਰਾਨਾਂ ਲਈ ਹੋਰ ਕਈ ਲਚਕਦਾਰ ਸੇਵਾਵਾਂ ਵਿਕਸਿਤ ਕਰਨਾ।

- ਸਟਾਫ ਦੀ ਸਿਖਲਾਈ ਦੇ ਮੌਕੇ ਇਹ ਯਕੀਨੀ ਬਣਾਉਣ ਲਈ ਵਧਾਉਣਾ ਕਿ ਸਰੀਰਕ ਤੇ ਸੰਵਦੇਨਾਮਤਮਕ ਅਯੋਗਤਾਵਾਂ ਵਾਲੇ ਲੋਕਾਂ ਦੀਆਂ ਲੋੜਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ।

**ਸੁਤੰਤਰ ਜੀਵਨ**

- ਸੰਯੁਕਤ ਸਹਾਇਤਾ/ਸਾਜ਼ੋ ਸਮਾਨ ਸੇਵਾ ਦੀ ਸਮੀਖਿਆ ਨੂੰ ਪੂਰਾ ਕਰਨਾ ਤੇ ਇਸ ਨੂੰ ਲਾਗੂ ਕਰਨ ਲਈ ਅੱਗੇ ਲਿਜਾਉਣਾ।
- ਸਿਹਤ ਆਯੋਗ ਵੇਲਜ਼ ਦੀ ਅਗਵਾਈ ਵਾਲੀ ਵ੍ਹੀਲਚੇਅਰ ਕਾਰਜਨੀਤੀ ਦੇ ਵਿਕਾਸ ਵਿਚ ਹਿੱਸਾ ਪਾਉਣਾ।
- ਨਵੇਂ ਹਾਊਸਿੰਗ ਸਟੱਕ ਦੇ ਵਿਕਾਸ ਵਿਚ ਹਾਊਸਿੰਗ ਐਸੋਸੀਏਸ਼ਨਾਂ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰਨਾ ਕਿ ਸਰੀਰਕ ਅਯੋਗਤਾਵਾਂ ਵਾਲੇ ਵਿਅਕਤੀਆਂ ਤੱਕ ਇਸ ਦੀ ਪਹੁੰਚ ਹੋਏ, ਓ ਟੀਜ਼ ਦੀ ਸ਼ਮੂਲੀਅਤ ਵੀ ਇਹ ਯਕੀਨੀ ਬਣਾਉਣ ਲਈ ਹੋਏ ਕਿ ਅਪਣਾਈ ਗਈ ਹਾਊਸਿੰਗ ਵਿਚ ਢੁਕਵੀਆਂ ਸਹੂਲਤਾਂ ਹਨ।
- 65 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਲਈ ਹਰ ਪਾਸੇ ਸਰਵੋਤਮ ਅਭਿਆਸ ਦਾ ਲੇਖਾ ਜੋਖਾ ਲੈਣ ਲਈ ਮੁੜ-ਯੋਗ ਹੋਣ ਦੀ ਸੇਵਾ ਵਿਵਸਥਾ ਮਾਡਲ ਨੂੰ ਵਿਕਸਿਤ ਕਰਨਾ, ਤੇ ਯਕੀਨੀ ਬਣਾਉਣਾ ਕਿ ਇਹ ਸੇਵਾਵਾਂ ਕਿਸੇ ਸੰਕਟ ਵਿਚ ਪੈਣ ਮਗਰੋਂ ਹੋਰ ਰਸਤਿਆਂ ਰਾਹੀਂ ਪ੍ਰਾਪਤ ਕੀਤੀਆਂ ਜਾ ਸਕਣ।
- 65 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀਆਂ ਲੋੜਾਂ ਨੂੰ ਸੰਬੋਧਨ ਕਰਦੇ ਹੋਏ ਮੌਜੂਦਾ ਮੁੜ ਯੋਗ ਹੋਣ ਦੀ ਸਕੀਮ ਦੀ ਸਮਰੱਥਾ ਦਾ ਵਿਸਤਾਰ ਕਰਨ ਲਈ ਤਜਵੀਜ਼ਾਂ ਵਿਕਸਿਤ ਕਰਨਾ।
- ਭਾਈਚਾਰਕ ਥੈਰੇਪੀ ਸੇਵਾਵਾਂ ਤੱਕ ਮੁਢਲੀ ਦੇਖਭਾਲ ਪਹੁੰਚ ਬੇਹਤਰ ਬਣਾਉਣ ਦੀ ਮੌਜੂਦਾ ਸਬੂਤਾਂ 'ਤੇ ਖੋਜ ਕਰਨਾ, ਜੋ ਦਾਖਲਾ ਰੋਕਦੀ ਹੈ।
- ਮੌਜੂਦ ਸਿਧੀ ਅਦਾਇਗੀ ਸਕੀਮ ਨੂੰ ਮੁੜ ਸ਼ੁਰੂ ਕਰਨ ਅਤੇ ਉਸਦਾ ਵਿਸਤਾਰ ਕਰਨ ਲਈ ਲੋੜੀਂਦੀ ਵੱਖ ਸਮਰੱਥਾ ਨੂੰ ਪਛਾਣਨਾ।
- 'ਸਾਂਭ-ਸੰਭਾਲ ਸੇਵਾਵਾਂ' ਦੀ ਮੰਗ ਦੀ ਮਾਤਰਾ ਪਛਾਨਣਾ, ਚੰਗੇ ਅਭਿਆਸ ਦੀ ਖੋਜਬੀਨ ਕਰਨਾ ਅਤੇ ਸਵੈ ਸੇਵੀ ਖੇਤਰ ਦੀਆਂ ਸੇਵਾਵਾਂ ਦੇ ਵਿਸਤਾਰ ਲਈ ਤਜਵੀਜ਼ਾਂ ਦਾ ਵਿਕਾਸ ਕਰਨਾ।
- ਭਾਈਚਾਰੇ 'ਤੇ ਅਧਾਰਤ ਸੰਕਟ ਦਖਲਅੰਦਾਜ਼ੀ ਟੀਮ ਲਈ ਤਜਵੀਜ਼ਾਂ ਵਿਕਸਿਤ ਕਰਨਾ।
- ਕਾਰਡਿਫ ਵਿਚ ਭਾਈਚਾਰਕ ਸੇਵਾਵਾਂ ਦੀ ਪਹੁੰਚ ਬਾਰੇ ਅਪਾਹਜ ਵਿਅਕਤੀਆਂ ਦੇ ਵਿਚਾਰ ਜਾਣਨਾ।
- ਦੋਹਰੀ ਸੰਵੇਦਨਾਤਮਕ ਅਪਾਹਜਤਾ ਵਾਲੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੋਰ ਵਿਸ਼ੇਸ਼ਗ ਸੇਵਾਵਾਂ ਮੁਹੱਈਆ ਕਰਨ ਵਾਸਤੇ ਸਵੈ-ਸੇਵੀ ਸੰਗਠਨਾਂ ਨਾਲ ਕੰਮ ਕਰਨਾ।
- ਹਾਊਸਿੰਗ ਸਮਰਥਨ ਦੀ ਉਚਿਤ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਇਕੱਠੇ ਕੰਮ ਕਰਨ ਦਾ ਇਕ ਸਥਾਈ ਤਰੀਕਾ ਵਿਕਸਿਤ ਕਰਨਾ।

**ਆਰਜ਼ੀ/ਦਰਮਿਆਨੀ ਦੇਖਭਾਲ**

- ਦਿਨ ਦੀ ਦੇਖਭਾਲ ਦੀਆਂ ਸਹੂਲਤਾਂ ਦੇ ਉਦੇਸ਼ ਨੂੰ ਸਪੱਸ਼ਟ ਕਰਨਾ ਅਤੇ ਸੇਵਾ ਵਿਵਸਥਾ ਵਿਚ ਹੋਰ ਲਚਕ ਲਈ ਮੌਕਿਆਂ ਦੀ ਪਛਾਣ ਕਰਨਾ।
- 'ਦਿਨ ਦੀ ਦੇਖਭਾਲ' ਦੇ ਵਿਕਲਪਿਕ ਮਾਡਲਾਂ ਦੀ ਪਛਾਣ ਕਰਨ ਲਈ ਸਿਖਿਆ, ਵਿਹਲ ਤੇ ਰੋਜ਼ਗਾਰ ਏਜੰਸੀਆਂ ਨਾਲ ਸੰਬੰਧਾਂ ਦਾ ਵਿਸਤਾਰ ਕਰਨਾ।
- ਜਵਾਬਦੇਹ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਬਹੁ-ਏਜੰਸੀ ਆਰਜ਼ੀ ਯੋਜਨਾਬੰਦੀ ਨੂੰ ਬੇਹਤਰ ਬਣਾਉਣਾ।

**ਲੰਬੀ ਮਿਆਦ/ਨਿਰੰਤਰ ਰਿਹਾਇਸ਼ੀ ਅਤੇ ਨਰਸਿੰਗ**

- ਸਥਾਨਕ ਲੋੜ ਦੇ ਜਵਾਬ ਵਿਚ ਸੇਵਾਵਾਂ ਵਿਕਸਿਤ ਕਰਨ ਲਈ ਬਜ਼ਾਰ ਨੂੰ ਉਤਸਾਹਤ ਕਰਨ ਵਾਸਤੇ ਅਧਿਕਾਰਤ ਕਰਨ ਦੀ ਪ੍ਰਕ੍ਰਿਆਵਾਂ ਨੂੰ ਵਰਤਣਾ।
- ਨਰਸਿੰਗ ਹੋਮਾਂ ਵਿਚ ਥੈਰੇਪੀਜ਼ (ਇਲਾਜ ਵਿਧੀਆਂ) ਮੁਹੱਈਆ ਕਰਾਉਣ, ਲੋੜ ਦੀ ਮਾਤਰਾ ਜਾਣਨ, ਚੰਗੇ ਅਭਿਆਸ ਦੀ ਖੋਜਬੀਨ ਕਰਨ ਅਤੇ ਤਜਵੀਜ਼ਾਂ ਵਿਕਸਿਤ ਕਰਨ ਦੀ ਸੰਭਾਵੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨਾ

## ਸਿਖਲਾਈ ਅਯੋਗਤਾ

ਹੇਠ ਲਿਖਿਆਂ ਰਾਹੀਂ ਸਿਖਣ ਵਿਚ ਅਯੋਗਤਾ ਵਾਲੇ ਲੋਕਾਂ ਦੀ ਲੰਬੀ ਮਿਆਦ ਦੀ ਸਿਹਤ, ਭਲਾਈ ਅਤੇ ਸਮਾਜਕ ਸ਼ਮੂਲੀਅਤ ਨੂੰ ਉਤਸਾਹਤ ਕਰਨਾ;

- ਸਿਖਲਾਈ ਵਿਚ ਅਯੋਗਤਾ ਵਾਲੇ ਲੋਕਾਂ ਵਾਸਤੇ ਏਕੀਕ੍ਰਿਤ ਮੁਲਾਂਕਣ ਪ੍ਰਕ੍ਰਿਆ ਲਾਗੂ ਕਰਨਾ।
- ਸਿਖਲਾਈ ਅਯੋਗਤਾ ਮੰਚ ਰਾਹੀਂ ਇਕ ਨਵੀਂ ਸੰਯੁਕਤ ਕਮਿਸ਼ਨਿੰਗ ਪ੍ਰਕ੍ਰਿਆ ਦਾ ਵਿਕਾਸ ਕਰਨਾ
- ਸਿਖਲਾਈ ਅਯੋਗਤਾ ਜਾਂ ਇਸ ਦੀ ਸੰਭਾਵਨਾ ਵਾਲੇ ਲੋਕਾਂ ਦੀ ਭਲਾਈ ਦੀ ਰੱਖਿਆ ਕਰਨਾ।
- ਸਿੱਖਣ ਦੀ ਅਯੋਗਤਾ ਵਾਲੇ ਲੋਕਾਂ ਦੀ ਦੇਖਭਾਲ ਤੇ ਸਮਰਥਨ ਦੇ ਮਿਆਰ ਉਚੇ ਚੁਕਣਾ।
- ਲੋਕਾਂ ਨੂੰ ਆਪਣੇ ਘਰਾਂ ਅਤੇ ਭਾਈਚਾਰਿਆਂ ਵਿਚ ਰਹਿਣ ਵਿਚ ਸਮਰਥਨ ਦੇਣਾ, ਸੁਤੰਤਰਤਾ ਤੇ ਸਮਾਜਕ ਸ਼ਮੂਲੀਅਤ ਨੂੰ ਉਤਸਾਹਤ ਕਰਨਾ।
- ਸੇਵਾ ਮੁਹੱਈਆ ਕਰਾਉਣ ਵਾਲਿਆਂ ਤੋਂ ਬੇਜੋੜ ਅਤੇ ਸਹਾਇਕ ਸੇਵਾ ਸਮਰਥਨ ਪ੍ਰਾਪਤ ਕਰਨਾ।
- ਯਕੀਨੀ ਬਣਾਉਣਾ ਕਿ ਸਿੱਖਣ ਵਿਚ ਅਯੋਗਤਾ ਵਾਲੇ ਲੋਕਾਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਉਨ੍ਹਾਂ ਦੀਆਂ ਨਿਜੀ ਲੋੜਾ ਪ੍ਰਤੀ ਜਵਾਬਦੇਹ ਹਨ।
- ਸਿੱਖਣ ਵਿਚ ਅਯੋਗਤਾ ਵਾਲੇ ਲੋਕਾਂ ਦੀ ਸਿਹਤ ਦੀ ਰੱਖਿਆ ਕਰਨਾ ਅਤੇ ਉਸਨੂੰ ਉਤਸਾਹਤ ਕਰਨਾ।
- ਸਿੱਖਣ ਵਿਚ ਅਯੋਗਤਾ ਵਾਲੇ ਲੋਕਾਂ ਨੂੰ ਉਹਨਾਂ ਦੀ ਦੇਖਭਾਲ ਬਾਰੇ ਵਿਚਾਰ-ਵਟਾਂਦਰਿਆਂ ਅਤੇ ਫੈਸਲਿਆਂ ਵਿਚ ਇਕ ਅਰਥਪੂਰਨ ਢੰਗ ਨਾਲ ਯੋਗ ਬਣਾਉਣਾ।

- ਯਕੀਨੀ ਬਣਾਉਣਾ ਕਿ ਵਰਤਣ ਵਾਲਿਆਂ ਅਤੇ ਨਿਗਰਾਨਾਂ ਲਈ ਜਾਣਕਾਰੀ।
- ਇਹ ਯਕੀਨੀ ਬਣਾਉਣਾ ਕਿ ਵਰਤਣ ਵਾਲਿਆਂ ਅਤੇ ਨਿਗਰਾਨਾਂ ਲਈ ਜਾਣਕਾਰੀ ਅਜਿਹੀ ਭਾਸ਼ਾ ਅਤੇ ਰੂਪ ਵਿਚ ਹੋਵੇ ਜੋ ਵਿਅਕਤੀ-ਵਿਸ਼ੇਸ਼ ਦੀ ਪਹੁੰਚ ਵਿਚ ਹੋਵੇ।
- ਇਸ ਗੱਲ ਨੂੰ ਯਕੀਨੀ ਬਣਾਉਣਾ ਕਿ ਸਿਖਣ ਵਿਚ ਅਯੋਗਤਾ ਵਾਲੇ ਵਿਅਕਤੀਆਂ ਨੂੰ ਆਪਣੇ ਹੱਕਾਂ, ਚੋਣ ਕਰਨ, ਉਪਲਬੱਧ ਮਦਦ, ਸੇਵਾਵਾਂ ਅਤੇ ਲਾਭਾਂ ਸੰਬੰਧੀ ਜਾਣਕਾਰੀ ਮਿਲ ਸਕੇ।

**ਸਿਹਤ ਨੂੰ ਉਤਸਾਹਤ ਕਰਨਾ/ਰੋਕਥਾਮ**

- ਸੇਵਾ ਵਰਤਣ ਵਾਲਿਆਂ ਨਾਲ, ਸਿਖਣ ਵਿਚ ਅਯੋਗਤਾ ਵਾਲੇ ਵਿਅਕਤੀਆਂ ਲਈ ਸਿਹਤਮੰਦ ਜੀਵਨ ਜਾਚ ਅਪਨਾਉਣ ਲਈ ਯੋਗ ਉਪਲਬੱਧ ਮੌਕੇ ਪੈਦਾ ਕਰਨਾ।
- ਨਿਗਰਾਨ ਸਲਾਹਕਾਰੀ ਯੋਜਨਾਬੰਦੀ ਗਰੁਪ ਨਾਲ ਕੰਮ ਕਰਨ ਵਾਲੇ ਨਿਗਰਾਨਾਂ ਦੀਆਂ ਉਮਰ ਸੰਬੰਧੀ ਲੋੜਾਂ ਦੀ ਸਮੀਖਿਆ ਕਰਨਾ।
- ਸਮੀਖਿਆ ਉਪਰੰਤ ਦਿੱਤੀਆਂ ਗਈਆਂ ਤਜਵੀਜ਼ਾਂ ਨੂੰ ਲਾਗੂ ਕਰਨਾ।

**ਸੁਤੰਤਰ ਜੀਵਨ**

- ਅਜਿਹੇ ਵਿਅਕਤੀਆਂ ਦੀ ਰਿਹਾਇਸ਼ ਦੇ ਮੌਕਿਆਂ ਵਿਚ ਵਾਧਾ ਕਰਨਾ ਜੋ ਕਿਸੇ ਦਬਾਅ ਵਾਲੇ ਜਾਂ ਵਖਰੇ ਵਿਵਹਾਰ ਅਧੀਨ ਰਹਿ ਰਹੇ ਹੋਣ।
- ਵਡੇਰੀ ਉਮਰ ਦੇ ਲੋਕਾਂ ਜੋ ਸਿਖਣ ਦੇ ਯੋਗ ਨਹੀਂ, ਉਹਨਾਂ ਦੀ ਸਿਹਤ ਅਤੇ ਲੋੜਾਂ ਅਤੇ ਆਰਥਿਤਾ ਨੂੰ ਮੁਖ ਰਖਦਿਆਂ ਉਹਨਾਂ ਦੇ ਸਹੀ ਰਹਿਣ ਸਹਿਣ ਲਈ ਰਿਹਾਇਸ਼ੀ ਸਰੋਤਾਂ ਦੀ ਖੇਤਰਾਂ ਦੇ ਅਧਾਰ 'ਤੇ ਵੰਡ ਕਰਨੀ, ਅਤੇ ਉਹਨਾਂ ਨੌਜਵਾਨਾਂ ਲਈ ਵੀ ਜੋ ਬਦਲਦੇ ਹੋਏ ਹਾਲਾਤ ਮੁਤਾਬਕ ਆਪਣੇ ਪਰਿਵਾਰਕ ਘਰਾਂ ਤੋਂ ਅੱਡ ਰਹਿੰਦੇ ਹਨ।
- ਵਿਸ਼ੇਸ਼ ਤਬਦੀਲੀਆਂ ਨੂੰ ਮੁੜ ਵਾਚਣ ਅਤੇ ਉਨ੍ਹਾਂ 'ਤੇ ਅਮਲ ਕਰਨਾ ਤਾਂ ਕਿ ਸਿਖਣ ਤੋਂ ਅਯੋਗ ਵਿਅਕਤੀਆਂ ਲਈ ਸਕੀਮਾਂ ਨੂੰ ਸਿਰੇ ਚਾੜ੍ਹਿਆ ਜਾ ਸਕੇ।
- ਅਜਿਹੀਆਂ ਸਕੀਮਾਂ ਨੂੰ ਉਤਸਾਹਤ ਕਰਨਾ ਜਿਹਨਾਂ ਵਿਚ ਅਜਿਹੇ ਵਿਅਕਤੀ ਸਿੱਧੀ ਅਦਾਇਗੀ ਸਕੀਮ ਅਧੀਨ ਆਪਣੇ ਲਈ ਦੇਖਭਾਲ ਮੁਹੱਈਆ ਕਰਵਾਉਣ ਵਾਲੇ ਮੁਹੱਈਆ ਕਰਨ।
- ਕਾਨੂੰਨੀ ਸੇਵਾਵਾਂ ਲਈ ਅਜ਼ਾਦਾਨਾ ਪੜਚੋਲ ਕਰਾਉਣੀ ਅਤੇ ਸਹੀ ਸੇਵਾਵਾਂ ਮੁਹੱਈਆ ਕਰਾਉਣ ਲਈ ਤਜਵੀਜ਼ਾਂ ਦੀ ਪਛਾਣ ਕਰਨੀ।

**ਦਰਮਿਆਨੀ/ਮਾਧਿਅਮਿਕ ਦੇਖਭਾਲ**

- ਦਿਨ ਦੀ ਦੇਖਭਾਲ ਲਈ ਨੀਤੀਗਤ ਸਮੀਖਿਆ ਕਰਨੀ ਅਤੇ ਰੋਜ਼ਗਾਰ, ਅਰਾਮ, ਸਿੱਖਿਆ ਅਤੇ ਰਸਪਾਈਟ ਅਤੇ ਥੈਰੇਪੀ ਲਈ ਅਰਥਪੂਰਨ/ਲਚਕਦਾਰ ਮੌਕਿਆਂ ਲਈ ਤਜਵੀਜ਼ਾਂ ਦੀ ਪਛਾਣ ਕਰਨੀ
- ਦਰਮਿਆਨੀ ਸੇਵਾ ਲਈ ਭਵਿਖ ਵਿਚ ਸੇਵਾ ਪ੍ਰਦਾਨ ਕਰਨ ਹਿਤ ਲੋੜਾਂ ਅਤੇ ਸਰੋਤਾਂ ਦੀ ਪ੍ਰੋਫਾਈਲ ਤਿਆਰ ਕਰਨੀ

**ਲੰਬੇ ਸਮੇਂ ਦੀਆਂ ਸੇਵਾਵਾਂ**

- ਮੌਜੂਦਾ ਵਿਸ਼ੇਸ਼ ਵਿਵਸਥਾ ਦੀ ਸਮੀਖਿਆ ਅਤੇ ਸਥਾਨਕ ਲੋੜ ਦੇ ਜਵਾਬ ਵਿਚ ਸਥਾਨਕ ਸੇਵਾਵਾਂ ਵਿਕਸਿਤ ਕਰਨ ਲਈ ਬਜ਼ਾਰ ਨੂੰ ਉਤਸਾਹਤ ਕਰਨ ਲਈ ਕਮਿਸ਼ਨਿੰਗ ਪ੍ਰਕ੍ਰਿਆ ਨੂੰ ਵਰਤਣਾ
- ਇਲਾਕੇ ਤੋਂ ਬਾਹਰ ਇੱਗੜ-ਊੱਗੜ ਥਾਵਾਂ 'ਤੇ ਜਾ ਵਸੇ ਲੋਕਾਂ ਲਈ ਮੁੜ ਵਸਾਉਣ ਦੀਆਂ ਸੇਵਾਵਾਂ ਮੁਹੱਈਆ ਕਰਨਾ।

**ਦੇਖਭਾਲ ਦੇ ਮਿਆਰ**

- ਕਈ ਸਾਰੀਆਂ ਮਨੁਖੀ ਸਰੋਤ ਨੀਤੀਆਂ ਰਾਹੀਂ ਸੇਵਾ ਮੁਹੱਈਆ ਕਰਵਾਉਣ ਵਲਿਆਂ ਦੁਆਰਾ ਦੇਖਭਾਲ ਦੀ ਨਿਰੰਤਰਤਾ ਨੂੰ ਬੇਹਤਰ ਬਣਾਉਣਾ
- ਵਿਦਿਆ ਅਤੇ ਸਿਖਲਾਈ ਅਯੋਗਤਾ ਦੇ ਮਾਮਲਿਆਂ 'ਤੇ ਘੱਟ ਸੰਵੇਦਨਾਤਮਕ/ਸੈਕੰਡਰੀ/ਪ੍ਰਾਇਮਰੀ ਦੇਖਭਾਲ 'ਤੇ ਵਿਚਾਰ ਵਟਾਂਦਰੇ ਲਈ ਨਰਸ ਇਕ ਸਲਾਹਕਾਰ ਅਹੁਦੇ ਦੀ ਸਥਾਪਨਾ ਕਰਨੀ
- ਸਿਖਲਾਈ ਅਯੋਗਤਾ ਦੇ ਪਛਾਣੇ ਗਏ ਖੇਤਰਾਂ ਵਿਚ ਜੈਨਰਿਕ ਸਿਹਤ ਦੇਖਭਾਲ ਸਟਾਫ ਅਤੇ ਵਿਹਲੇ ਸਟਾਫ ਨੂੰ ਲੋਕਾਂ ਦੀਆਂ ਲੋੜਾਂ ਮੁਤਾਬਕ ਸਿਖਲਾਈ ਦੇ ਅਵਸਰ ਮੌਕੇ ਮੁਹੱਈਆ ਕਰਨਾ।

## ਨਿਗਰਾਨ

*ਕਾਰਡਿਫ ਨਿਗਰਾਨ ਯੋਜਨਾ* ਤੋਂ ਲਏ ਗਏ ਵਿਸ਼ੇਸ਼ ਟੀਚੇ ਇਸ ਪ੍ਰਕਾਰ ਹਨ:

- ਨਿਗਰਾਨ ਦੀ ਸਿਹਤ ਸੰਭਾਲ ਕਰਨੀ ਅਤੇ ਨਿਸ਼ਚਿਤ ਕਰਨਾ ਕਿ ਉਹਨਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ।

- ਇਹ ਯਕੀਨੀ ਬਣਾਉਣਾ ਕਿ ਨਿਗਰਾਨਾਂ ਦੀ ਲਗਾਤਾਰ ਫੰਡਿੰਗ ਰਾਹੀਂ ਹਰ ਪ੍ਰਕਾਰ ਦੀ ਸੇਵਾ/ਸਹਾਇਤਾ ਜਾਰੀ ਰੱਖੀ ਜਾ ਰਹੀ ਹੈ।
- ਵਿਅਕਤੀ ਵਿਸ਼ੇਸ਼ ਦੀਆਂ ਲੋੜਾਂ ਨੂੰ ਮੁਖ ਰਖਦੇ ਹੋਏ ਉਸਦੀ ਸਮਝ ਵਿਚ ਆਉਣ ਵਾਲੀ ਭਾਸ਼ਾ ਵਿਚ ਸਹੀ ਅਤੇ ਪੂਰਨ ਜਾਣਕਾਰੀ ਮੁਹੱਈਆ ਕਰਾਉਣਾ।
- ਪੇਸ਼ੇਵਰਾਂ ਅਤੇ ਨਿਗਰਾਨਾਂ ਦੋਹਾਂ ਵੱਲੋਂ ਨਿਗਰਾਨਾਂ ਦੀ ਭੂਮਿਕਾ ਬਾਰੇ ਪਛਾਣ ਨੂੰ ਯਕੀਨੀ ਬਣਾਉਣਾ।
- ਨਿਗਰਾਨਾਂ ਨੂੰ ਸਲਾਹ ਅਤੇ ਸਿਖਲਾਈ ਰਾਹੀਂ ਮਦਦ ਕਰਨੀ ਤਾਂ ਕਿ ਜਿਸ ਵਿਅਕਤੀ ਦੀ ਉਹ ਸੇਵਾ ਕਰ ਰਹੇ ਹਨ, ਉਹ ਠੀਕ ਹੋਵੇ। ਅਤੇ ਉਹਨਾਂ ਦੀ ਇਸ ਸੇਵਾ ਕਰਨ ਦੀ ਕਾਬਲੀਅਤ ਵਿਚ ਵਾਧਾ ਹੋਵੇ।
- ਨਿਗਰਾਨਾਂ ਦੀ ਇਸ ਕੰਮ ਵਿਚ ਰਹਿਣ ਦੀ ਮਦਦ ਕਰਨੀ। ਉਹਨਾਂ ਦੇ ਰੋਜ਼ਗਾਰ ਨੂੰ ਯਕੀਨੀ ਬਣਾਉਣਾ ਅਤੇ ਉਹਨਾਂ ਨੂੰ ਸਹੀ ਸੇਵਾ ਸਹੂਲਤਾਂ ਅਤੇ ਦੋਸਤਾਨਾ ਮਾਹੌਲ ਪ੍ਰਦਾਨ ਕਰਨਾ।
- ਨਿਗਰਾਨਾਂ ਨੂੰ ਯੋਜਨਾਬੰਦੀ ਅਤੇ ਸੇਵਾਵਾਂ ਪ੍ਰਦਾਨ ਕਰਨ ਵਿਚ ਬਰਾਬਰ ਦੇ ਭਾਈਵਾਲਾਂ ਵਾਂਗ ਥਾਂ ਦੇਣਾ।
- ਨਿਗਰਾਨਾਂ ਨੂੰ ਸੰਬੋਧਨ ਕਰਨ ਦੇ ਮਾਮਲਿਆਂ ਵਿਚ ਕਾਨੂੰਨੀ, ਸਵੈ-ਸੇਵੀ ਅਤੇ ਪ੍ਰਾਈਵੇਟ ਖੇਤਰ ਵਿਚ ਆਪਸੀ ਤਾਲਮੇਲ ਨਿਸ਼ਚਿਤ ਕਰਨਾ।
- ਕਿਸੇ ਵੀ ਲਿੰਗ, ਨਸਲ, ਸਭਿਆਚਾਰ ਅਯੋਗਤਾ, ਉਮਰ ਅਤੇ ਲਿੰਗੀ ਝੁਕਾਅ ਦੇ ਨਿਗਰਾਨਾਂ ਦੀਆਂ ਸੇਵਾਵਾਂ ਅਤੇ ਸਹਾਇਤਾ ਨਿਸ਼ਚਿਤ ਕਰਨਾ।

## ਕੈਦੀਆਂ ਦੀ ਸਿਹਤ

ਜੇਲ੍ਹ ਐਚ ਆਈ ਪੀ ਦੇ ਮੁਖ ਮੰਤਵ ਇਕ ਸਪੱਸ਼ਟ ਨੀਤੀ ਤੈਅ ਕਰਨਾ ਹੈ ਜਿਸ ਵਿਚ ਐਚ ਐਮ ਪੀ ਕਾਰਡਿਫ ਆਪਣੇ ਕੈਦੀਆਂ ਦੀ ਸਿਹਤ ਸੁਧਾਰ ਅਤੇ ਦੇਖਭਾਲ ਸੇਵਾਵਾਂ ਬੇਹਤਰ ਬਣਾਉਣ ਲਈ ਅਤੇ ਉਹਨਾਂ ਨੂੰ ਵਿਕਸਿਤ ਕਰਨ ਲਈ ਦੂਜਿਆਂ ਨਾਲ ਇਹ ਕੰਮ ਕਰੇਗਾ:

- ਐਚ ਐਮ ਪੀ ਕਾਰਡਿਫ ਵਿਚ ਕੈਦੀਆਂ ਦੀਆਂ ਸਿਹਤ ਲੋੜਾਂ ਮੁਤਾਬਕ ਨਿਰਧਾਰਤ ਕਰਨਾ।
- ਐਚ ਐਮ ਪੀ ਕਾਰਡਿਫ ਦੇ ਅੰਦਰ ਅਤੇ ਬਾਹਰ ਯੋਜਨਾਬੰਦੀ ਵਿਧੀ ਦੇ ਵਿਕਾਸ ਲਈ ਨਿਰਨਾਇਕ ਕਦਮ ਚੁਕਣ ਲਈ ਸਹਿਯੋਗ ਪੈਦਾ ਕਰਨਾ।
- ਸਰੋਤ ਮੁਸ਼ਕਲਾਂ ਦੇ ਬਾਵਜੂਦ ਕਲਿਨਿਕਲ ਸੇਵਾਵਾਂ ਵਿਕਸਿਤ ਕਰਨ ਲਈ ਯੋਜਨਾ ਬਣਾਉਣੀ
- ਐਚ ਐਮ ਪੀ ਕਾਰਡਿਫ ਅਤੇ ਐਲ ਐਚ ਐਸ ਸਥਾਨਿਕ ਅਥੱਾਰਟੀ ਅਤੇ ਸਵੈ-ਸੇਵੀ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਵਾਅਦਿਆਂ ਦੇ ਅਧਾਰ 'ਤੇ ਢਾਂਚਾ ਮੁਹੱਈਆ ਕਰਨਾ।
- ਸਿਹਤ ਦੇ ਵਾਧੇ ਲਈ ਵੇਲਜ਼ ਟੀਚੇ ਵਿਚ ਹਿੱਸਾ ਪਾਉਣਾ।
- ਸਿਹਤ ਮੁਹੱਈਆ ਕਰਨ ਵਾਲਿਆਂ ਅਤੇ ਸਮਾਜਕ ਨਿਗਰਾਨਾਂ ਵਿਚਕਾਰ ਲੰਬੇ ਸਮੇਂ ਦੇ ਮੁਹਾਇਦੇ ਕਰਨਾ

ਐਚ ਐਮ ਪੀ, ਐਚ ਆਈ ਪੀ ਨੇ 10 ਮਹੱਤਵਪੂਰਨ ਸਿਰਲੇਖਾਂ ਅਧੀਨ ਇਥੋਂ ਦੀ ਅਬਾਦੀ ਲਈ ਹੇਠ ਲਿਖੀਆਂ ਸਿਫਾਰਸ਼ਾਂ ਕੀਤੀਆਂ ਹਨ:
- ਸੂਚਨਾ ਪ੍ਰਬੰਧਨ ਅਤੇ ਤਕਨਾਲੋਜੀ (IM&T) ਸਮਰਥਨ ਪ੍ਰਣਾਲੀਆਂ
- ਸ਼ੱਕਰ ਅਤੇ ਕੋਰੋਨਰੀ ਦਿਲ ਦੀ ਬੀਮਾਰੀ
- ਐਨ ਐਸ ਐਫ ਲਾਗੂ ਕਰਨਾ
- ਜੀ ਪੀ ਪੰਜੀਕਰਣ
- ਮਰੀਜ਼ਾਂ ਲਈ ਦਵਾਈ ਲਿਖ ਕੇ ਦੇਣਾ
- ਚੀਜ਼ਾਂ ਦਾ ਗਲਤ ਇਸਤੇਮਾਲ
- ਮਾਨਸਿਕ ਸਿਹਤ
- ਦੰਦਾਂ ਦਾ ਵਿਭਾਗ
- ਲਾਗ ਦੁਆਰਾ ਹੋਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ
- ਜੀਵਨ ਜਾਚ
- ਵਰਕਫੋਰਸ - ਕਾਰਗੁਜ਼ਾਰੀ ਵਿਕਾਸ
- ਵਰਕਫੋਰਸ - ਕੰਮਕਾਜੀ ਪ੍ਰਬੰਧਨ ਮੁੱਦੇ

## ਪਦਾਰਥਾਂ ਦੀ ਦੁਰਵਰਤੋਂ

ਵੈਲਸ਼ ਵਿਧਾਨ ਸਭਾ ਸਰਕਾਰ ਦੁਆਰਾ ਪਦਾਰਥਾਂ ਦੀ ਦੁਰਵਰਤੋਂ ਦੇ ਇਲਾਜ ਦੇ ਢਾਂਚੇ ਦਾ ਵਿਕਾਸ ਬਹੁਤ ਸਾਰੇ ਉਸ ਕੰਮ ਨੂੰ ਨਿਰਧਾਰਤ ਕਰੇਗਾ ਜੋ ਕਿ ਸਥਾਨਕ ਪੱਧਰ 'ਤੇ ਕੀਤਾ ਜਾਂਦਾ ਹੈ ਅਤੇ ਨਾਲ ਹੀ *Throughcare & Aftercare Regional Implementation Plan* ਨੂੰ ਲਾਗੂ ਕਰਨਾ, ਜੋ ਕਿ ਮੌਜੂਦਾ ਸਮੇਂ ਵਿਕਸਿਤ ਕੀਤਾ ਜਾ ਰਿਹਾ ਹੈ।

ਵੈਲਸ਼ ਵਿਧਾਨ ਸਭਾ ਸਰਕਾਰ ਹਿੱਸੇਦਾਰੀਆਂ ਲਈ ਇਹ ਯਕੀਨੀ ਬਣਾਉਣ ਲਈ ਵੀ ਤਤਪਰ ਹੈ ਕਿ ਦਵਾਈਆਂ ਦੀ ਦੁਰਵਰਤੋਂ ਬਾਰੇ ਸਲਾਹਕਾਰੀ ਕੌਂਸਲ ਦੀ ਰਿਪੋਰਟ 'ਹਿਡਨ, ਹਾਰਮ, ਰਿਸਪੌਂਡਿੰਗ ਟੂ ਦਿ ਨੀਡਜ਼ ਅੱਫ ਚਿਲਡਰਨ ਅੱਫ ਪਰਾਬਲਮ ਡਰੱਗ ਯੂਜ਼ਰਜ਼' ਦੀਆਂ ਤਜਵੀਜ਼ਾਂ ਦੀ ਸਮੀਖਿਆ ਨੀਤੀ ਜਾਣ ਅਤੇ ਉਨ੍ਹਾਂ ਦੇ ਅਨੁਸਾਰ ਕਾਰਜ ਯੋਜਨਾਵਾਂ ਵਿਕਸਿਤ ਕੀਤੀਆਂ ਜਾਣ।

ਦੂਜਾ ਵੱਡਾ ਉਦਮ ਜੋ ਕਿ WAG ਅੱਗੇ ਵੱਧ ਰਹੀ ਹੈ ਉਹ ਇਹ ਕਿ ਸਾਰਾ ਵੇਲਜ਼ ਕਾਰਗੁਜ਼ਾਰੀ ਪ੍ਰਬੰਧਕ ਢਾਂਚਾ ਜਿਸ ਵਿਚ ਮੁੱਖ/ਸਾਂਝਾ ਡੈਟਾ ਸਮੂਹ ਅਤੇ ਪਰਿਭਾਸ਼ਾਵਾਂ ਦੇ ਸ਼ਬਦ ਕੋਸ਼ ਸ਼ਾਮਲ ਹਨ।

WAG ਨੇ ਵੇਲਜ਼ ਵਿਚ ਡਰੱਗ ਐਂਡ ਅਲਕੋਹਲ ਨੈਸ਼ਨਲ ਓਂਕੂਪੇਸ਼ਨਲ ਸਟੈਂਡਰਡਜ਼ ਸ਼ੁਰੂ ਕਰਨ ਦੇ ਸੰਬੰਧ ਵਿਚ ਇਕ ਸਮੁੱਚੇ ਵੇਲਜ਼ ਸਿਖਲਾਈ ਲੋੜ ਵਿਸ਼ਲੇਸ਼ਣ ਨੂੰ ਵੀ ਅਧਿਕਾਰ ਸੌਂਪੇ ਹਨ।

ਅਸੀਂ WAG ਵਲੋਂ ਦਵਾਈਆਂ ਦੇ ਸੰਬੰਧ ਵਿਚ ਮੌਤਾਂ ਦੀਆਂ ਗੁਪਤ ਤਫਤੀਸ਼ਾਂ (ਇਨਕੁਆਰੀਆਂ) ਦੇ ਵਿਕਾਸ 'ਤੇ ਰਹਿਨਮੁਾਈ ਦੇ ਛਪਣ ਦਾ ਵੀ ਇੰਤਜ਼ਾਰ ਕਰ ਰਹੇ ਹਾਂ।

**ਸਮੇਂ ਦੀ ਮਿਆਦ**

ਪਦਾਰਥਾਂ ਦੀ ਦੁਰਵਰਤੋਂ ਕਾਰਜ ਯੋਜਨਾ 2005-2008 ਦੇ ਵਿਕਾਸ ਨਾਲ ਸੰਬੰਧਤ ਸਮਾਂ ਸਾਰਣੀ ਹੇਠਾਂ ਅਨੁਸਾਰ ਹੈ:

**ਅਕਤੂਬਰ 2004 ਦੌਰਾਨ** - ਸੀ ਐਸ ਪੀਜ਼ ਲਈ 2005-2008 ਲਈ ਆਪਣੀਆਂ ਪ੍ਰਮੁਖਤਾਵਾਂ ਬਾਰੇ ਸਹਿਮਤੀ ਬਣਾਉਣਾ। ਅਸੀਂ ਖੇਤਰੀ ਸਲਾਹਕਾਰਾਂ ਨਾਲ ਇਸ ਮਿਆਦ ਤੋਂ ਪਹਿਲਾਂ ਅਤੇ ਇਸ ਦੇ ਦੌਰਾਨ ਨੇੜਿਓਂ ਸਲਾਹ-ਮਸ਼ਵਰੇ ਦੀ ਤਜਵੀਜ਼ ਦਿਆਂਗੇ।
**29 ਨਵੰਬਰ ਸੋਮਵਾਰ ਤੱਕ** - ਪਦਾਰਥਾਂ ਦੀ ਦੁਰਵਰਤੋਂ ਖੇਤਰੀ ਸਲਾਹਕਾਰੀ ਟੀਮ (SMART) ਦੇ ਲਗਭਗ ਅੰਤਮ ਖਰੜੇ।
**10 ਜਨਵਰੀ ਸੋਮਵਾਰ ਤੱਕ** - 29 ਨਵੰਬਰ ਤੱਕ ਜਮ੍ਹਾਂ ਕੀਤੀਆਂ ਯੋਜਨਾਵਾਂ ਲਈ, ਸੀ ਐਸ ਪੀਜ਼ ਰਾਹੀਂ ਖੇਤਰੀ ਸਲਾਹਕਾਰਾਂ ਤੋਂ ਪ੍ਰਤੀਕ੍ਰਿਆ ਮਿਲ ਜਾਵੇਗੀ।
**12 ਫਰਵਰੀ 2005 ਤੱਕ** - ਅੰਤਮ ਸੋਧਿਆ ਖਰੜਾ ਵੈਲਸ਼ ਵਿਧਾਨ ਸਭਾ ਸਰਕਾਰ ਨੂੰ।
**1 ਮਾਰਚ 2005 ਤੱਕ** - ਵੈਲਸ਼ ਵਿਧਾਨ ਸਭਾ ਕਾਨੂੰਨੀ ਰਹਿਨੁਮਾਈ ਅਤੇ CSPS ਨੂੰ ਉਸ ਦੇ ਅਨੁਰੂਪ ਸੂਚਿਤ ਕਰਨ ਦੇ ਅਨੁਸਾਰ ਯੋਜਨਾ 'ਤੇ ਸਹਿਮਤੀ ਪ੍ਰਗਟਾਏਗੀ।
**31 ਮਾਰਚ 2005 ਤੱਕ** - CSPS ਵਲੋਂ ਯੋਜਨਾਵਾਂ ਨਾਲ ਹੀ ਜਨਤਾ ਕੋਲ ਉਪਲਬਧ ਯੋਜਨਾਵਾਂ ਜਿੰਨੀ ਛੇਤੀ ਹੋ ਸਕੇ ਨੂੰ ਰਸਮੀ ਤੌਰ ਤੇ ਅਪਨਾਉਣਾ।

## ਬੇਘਰੇ ਹੋਣਾ

ਕਾਰਡਿਫ ਬੇਘਰੇ ਹੋਣ ਬਾਰੇ ਕਾਰਜ-ਨੀਤੀ ਨੇ ਰੋਕਥਾਮ, ਰਿਹਾਇਸ਼ ਤੇ ਸਮਰਥਕ ਸਮੇਤ ਤਿੰਨ ਸਿਰਲੇਖਾਂ ਹੇਠ ਆਪਣੇ ਕਾਰਜ ਇਕੱਠੇ ਕੀਤੇ ਹਨ।

**ਰੋਕਥਾਮ**

- ਅੰਕੜੇ ਇਕੱਠੇ ਕਰਨ ਦੇ ਆਮ ਤਰੀਕਿਆਂ ਵਿਚ ਮੌਜੂਦਾ ਤੌਰ ਤੇ ਨਾ ਸ਼ਾਮਲ ਨੀਤੀਆਂ ਹੋਰ ਏਜੰਸੀਆਂ ਨੂੰ ਲਗਾ ਕੇ ਬੇਘਰੇ ਹੋਣ ਦੇ ਕਾਰਨਾਂ ਦੀ ਵਿਸ਼ਾਲ ਨਿਗਰਾਨੀ ਨੂੰ ਯਕੀਨੀ ਬਣਾਉਣਾ
- ਵਿਸ਼ੇਸ਼ ਤੌਰ ਤੇ ਔਰਤਾਂ, ਕੈਦੀਆਂ ਲਈ ਸਲਾਹ, ਬਲ ਛੱਡਣ ਵਾਲਿਆਂ ਤੇ ਹਸਪਤਾਲ ਤੋਂ ਛੁੱਟੀ ਮਿਲਣ ਵਾਲੇ ਮਰੀਜ਼ਾਂ ਆਦਿ ਲਈ ਜਾਣਕਾਰੀ, ਸੰਬੰਧਤ ਸਾਈਨਪੋਸਟਿੰਗ ਪ੍ਰਕ੍ਰਿਆਵਾਂ ਨਾਲ ਮੌਜੂਦਾ streetwise + ਡਾਇਰੈਕਟਰੀ ਦੇ ਵਿਸ਼ੇ ਵਿਚ ਸ਼ਾਮਲ ਕਰਨ ਅਤੇ ਉਸ ਦੀ ਵਰਤੋਂ ਦਾ ਵਿਸਤਾਰ ਕਰਨਾ।
- ਮਜਬੂਤ ਕਿਰਾਏਦਾਰੀ ਬਚਾਅ ਕਾਰਵਾਈਆਂ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਕਿਸਮਾਂ ਦੀ ਹਾਊਸਿੰਗ ਤੋਂ ਅਲਹਿਦਗੀ ਦੇ ਕਾਰਨਾਂ ਦੀ ਨਿਗਰਾਨੀ ਕਰਨਾ।
- ਰੋਕਥਾਮ ਸਾਧਨਾਂ ਦੀ ਕਿਟ ਵਿਕਸਿਤ ਕਰਨਾ ਅਤੇ ਕੌਂਸਲ ਦੀਆਂ 'ਬਚਾਉਣ ਲਈ ਖਰਚੋ' ਨੀਤੀਆਂ ਨੂੰ ਹੋਰ ਵਿਕਸਿਤ ਕਰਨਾ।

**ਰਿਹਾਇਸ਼**

- ਸੁਰੱਖਿਅਤ ਕਿਰਾਏਦਾਰੀਆਂ ਦੀਆਂ ਸਾਰੀਆਂ ਕਿਸਮਾਂ ਵਿਚ ਸਮਰਥਿਤ ਹਾਊਸਿੰਗ ਤੋਂ ਇਕ ਪੂਰੀ ਤਰ੍ਹਾਂ ਏਕੀਕ੍ਰਿਤ ਅਤੇ ਪ੍ਰਭਾਵਸ਼ਾਲੀ ਮੁੜ ਵਸੇਬੇ ਦੀ ਪ੍ਰਕ੍ਰਿਆ ਨੂੰ ਵਿਕਸਿਤ ਕਰਨਾ।
- ਸੌਣ ਅਤੇ ਖਾਣ-ਪੀਣ ਵਾਲੀ ਰਿਹਾਇਸ਼ ਅਤੇ ਕਾਊਂਟੀ ਤੋਂ ਬਾਹਰ ਵਾਲੀਆਂ ਰਿਹਾਇਸ਼ਾਂ ਨੂੰ ਵਰਤਣ ਦੀ ਲੋੜ ਨੂੰ ਖਤਮ ਕਰਨਾ।
- ਮੂਹਰਲੀ ਕਤਾਰ ਦੇ ਹੋਸਟਲਾਂ ਤੱਕ ਪਹੁੰਚ ਦੀ ਬਰਾਬਰੀ ਨੂੰ ਬੇਹਤਰ ਬਣਾਉਣਾ ਅਤੇ ਟੁਟਵੀਂ ਨੀਂਦ ਅਤੇ ਅਲਹਿਦਗੀ ਦੀ ਲੋੜ ਨੂੰ ਘੱਟ ਕਰਨ ਲਈ ਨੀਤੀਆਂ 'ਤੇ ਸਹਿਮਤ ਹੋਣਾ।

**ਸਮਰਥਨ**

- ਪਹਿਲ ਦੀ ਲੋੜ ਦੇ ਦਰਜੇ ਦੇ ਮੁਲਾਂਕਣ ਵਾਸਤੇ ਇਕ ਕੇਂਦਰ ਬਿੰਦੂ ਮੁਹੱਈਆ ਕਰਨ ਲਈ ਅਤੇ ਇਕੱਲੇ ਬੇਘਰ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਮੌਜੂਦ ਸਲਾਹ ਅਤੇ ਸਮਰਥਨ ਨੂੰ ਵਧਾਉਣ ਲਈ ਇਕ ਮੁਲਾਂਕਣ ਕੇਂਦਰ ਵਿਕਸਿਤ ਕਰਨਾ।
- ਸਮਰਥਿਤ ਹਾਊਸਿੰਗ ਲੈਣ ਵਾਲੇ ਲੋਕਾਂ ਜਾਂ ਟੁਟਵੀਂ ਨੀਂਦ ਵਾਲੇ ਲੋਕਾਂ ਦੀਆਂ ਵਿਸ਼ੇਸ਼ ਲੋੜਾਂ ਪੂਰੀਆਂ ਕਰਨ ਪਵਾਸਤੇ ਇਥ ਸਮਰਪਿਤ ਸਿਹਤ ਟੀਮ ਅਤੇ ਹੋਰ ਕਾਨੂੰਨੀ ਸਮਰਥਨ ਸੇਵਾਵਾਂ ਪ੍ਰਤੀ ਸਥਿਰਤਾ ਅਤੇ ਪ੍ਰਤੀਬੱਧਤਾ ਨੂੰ ਯਕੀਨੀ ਬਣਾਉਣਾ।
- ਪੋਟੈਂਸ਼ੀਅਲ ਬੇਘਰੇ ਹੋਣ ਦੀ ਸੰਭਾਵਨਾ ਨੂੰ ਘਟਾਉਣ ਲਈ ਪ੍ਰਾਈਵੇਟ ਹਾਊਸਿੰਗ ਵਿਚ ਰਹਿੰਦੇ ਲੋਕਾਂ ਨੂੰ ਸਮਰਥਨ ਮੁਹਈਆ ਕਰਾਉਣਾ ਅਤੇ ਪ੍ਰਾਈਵੇਟ ਖੇਤਰ ਵਿਚ ਦਾਖਲ ਹੋਣ ਦੀ ਇੱਛਾ ਰੱਖਣ ਵਾਲਿਆਂ ਨੂੰ ਸਮਰਥਨ ਦੇਣਾ।

## ਸ਼ਰਨ ਮੰਗਣ ਵਾਲੇ ਅਤੇ ਸ਼ਰਨਾਰਥੀ

ਕਾਰਡਿਫ ਵਿਚ ਬਿਖਰੇ ਹੋਏ ਸ਼ਰਨ ਮੰਗਣ ਵਾਲਿਆਂ ਅਤੇ ਉਹਨਾਂ ਸ਼ਰਨਾਰਥੀਆਂ ਜੋ ਕਾਰਡਿਫ ਵਿਚ ਰਹਿਣਾ ਚੁਣੇ ਹਨ, ਦੀ ਸਿਹਤ ਅਤੇ ਭਲਾਈ ਹੇਠ ਲਿਖੀਆਂ ਕਈ ਸਾਰੀਆਂ ਸੇਵਾਵਾਂ ਮੁਹੱਈਆ ਕਰਵਾ ਕੇ ਉਤਸ਼ਾਹਤ ਕਰਨਾ:

- ਰਿਹਾਇਸ਼ ਅਤੇ ਕਿਰਾਏ ਦਾ ਸਮਰਥਨ
- ਸਮਾਜਕ ਦੇਖਭਾਲ, ਸਮਰਥਨ, ਸ਼ਰਨ ਮੰਗਣ ਵਾਲਿਆਂ ਨੂੰ ਮੁਖ ਧਾਰਾ ਦੀਆਂ ਸੇਵਾਵਾਂ ਤੱਕ ਪਹੁੰਚਣ ਵਿਚ ਮਦਦ ਕਰਨਾ ਤੇ ਜੇ ਲੋੜ ਹੋਏ ਤਾਂ ਕਾਨੂੰਨੀ ਸੇਵਾਵਾਂ।
- ਪਰੇਸ਼ਾਨੀ/ਧਮਕੀ/ਭਾਈਚਾਰਕ ਤਣਾਓ ਦੀਆਂ ਵਿਸ਼ੇਸ਼ਤਾਵਾਂ ਘਟਨਾਵਾਂ ਨਾਲ ਨਜਿੱਠਣਾ।
- ਭਾਸ਼ਾ ਸਮਰਥਨ ਦਾ ਪ੍ਰਬੰਧ ਕਰਨਾ।
- ਸਥਾਨਕ ਸਕੂਲਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ।
- ਬਾਲਗ ਸਿੱਖਿਆ ਦੇ ਮੌਕੇ ਪੈਦਾ ਕਰਨਾ।
- ਪ੍ਰਾਈਮਰੀ ਸਿਹਤ ਦੇਖਭਾਲ ਸੇਵਾਵਾਂ ਤੇ ਜਿਥੇ ਉਚਿਤ ਹੋਏ, ਸੈਕੰਡਰੀ ਸਿਹਤ ਦੇਖਭਾਲ ਤੱਕ ਪਹੁੰਚ ਨੂੰ ਮੁਹੱਈਆ ਕਰਨਾ।

ਉਪਰ ਦੱਸੇ ਗਏ ਉਦੇਸ਼ਾਂ ਦੇ ਅਨੁਰੂਪ ਸੇਵਾਵਾਂ ਦੇ ਵਿਕਾਸ ਲਈ ਤਜਵੀਜ਼ਾਂ ਵੱਡੀ ਹੱਦ ਤੱਕ ਇਸ 'ਤੇ ਨਿਰਭਰ ਕਰਦੀਆਂ ਹਨ ਕਿ ਸ਼ਰਨ ਮੰਗਣ ਵਾਲਿਆਂ ਨੂੰ ਖਿੰਡਾਉਣ ਲਈ NASS ਨਾਲ ਇਕਰਾਰਨਾਮਾ 2006 ਵਿਚ ਨਵਿਆਇਆ ਗਿਆ ਜਾਂ ਨਹੀਂ। ਇਕ ਵਾਰ ਇਹ ਫੈਸਲਾ ਹੋ ਜਾਏ ਤਾਂ ਅਗਲੇ ਇਕਰਾਰਨਾਮੇ ਦੀ ਮਿਆਦ ਲਈ ਸੇਵਾਵਾਂ ਅਤੇ ਇਕ ਨੀਤੀਗਤ ਯੋਜਨਾ ਦੇ ਮੌਜੂਦਾ ਸਰੂਪ ਦੀ ਸਮੀਖਿਆ ਦੀ ਲੋੜ ਹੋਏਗੀ। ਗਾਹਕ ਗਰੁੱਪਾਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਵਿਚ ਮੌਜੂਦ ਖੱਪਿਆਂ ਨੂੰ ਸੰਬੋਧਿਤ ਕਰਨ ਦੀਆਂ ਤਜਵੀਜ਼ਾਂ ਵਿਚ ਹੇਠ ਲਿਖੀਆਂ ਸ਼ਾਮਲ ਹਨ:

- ਸ਼ਰਨ ਮੰਗਣ ਵਾਲਿਆਂ ਲਈ ਇਕ ਸੰਯੁਕਤ ਨੀਤੀਗਤ ਯੋਜਨਾਬੰਦੀ ਗਰੁੱਪ ਸਥਾਪਤ ਕਰਨਾ।
- ਅਗਲੇ ਖਿੰਡਾਉਣ ਵਾਲੇ ਇਕਰਾਰਨਾਮੇ ਬਾਰੇ ਫੈਸਲੇ ਤੇ ਨਿਰਭਰ ਸ਼ਰਨ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਦੀਆਂ ਭਵਿੱਖ ਦੀਆਂ ਲੋੜਾਂ ਦਾ ਕਾਰਜ-ਖੇਤਰ ਦੇਖਣਾ।
- ਸ਼ਰਨ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਦੀਆਂ ਸਿਹਤ ਅਤੇ ਭਲਾਈ ਲੋੜ ਨੂੰ ਪੂਰਾ ਕਰਨ ਲਈ ਇਕ ਕਾਰਜ ਨੀਤੀ ਬਣਾਉਣਾ ਹੈ।
- ਭਾਸ਼ਾ ਅਤੇ ਸੰਚਾਰ ਕਾਰਜ ਨੀਤੀ ਦੇ ਵਿਕਾਸ ਵਿਚ ਯੋਗਦਾਨ ਦੇਣਾ।
- ਮਾਨਸਿਕ ਸਿਹਤ ਸਟੀਅਰਿੰਗ ਗਰੁਪ ਨਾਲ ਤਾਲਮੇਲ ਵਿਚ ਸ਼ਰਨ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਦੇ ਸਮਰਥਨ ਕਰਦੇ ਸਮਰਪਿਤ ਪਾਰਟ-ਟਾਈਮ CPN ਅਹੁਦੇ ਦੇ ਘੰਟਿਆਂ ਦੀ ਗਿਣਤੀ ਵਧਾਉਣ ਲਈ ਤਜਵੀਜ਼ਾਂ ਨੂੰ ਵਿਕਸਿਤ ਕਰਨਾ।
- ਕੌਂਸਲ ਦੀ ਜੀਵਨ ਭਰ ਸਿਖਲਾਈ ਸੇਵਾ ਅਤੇ ਸਵੈ-ਸੇਵੀ ਖੇਤਰ ਨਾਲ ਹਿੱਸੇਦਾਰੀ ਵਿਚ ESOL ਸੇਵਾਵਾਂ ਦੇ ਵਿਸਤਾਰ ਲਈ ਤਜਵੀਜ਼ਾਂ ਵਿਕਸਿਤ ਕਰਨਾ।
- ਕੌਂਸਲ ਦੀ ਜੀਵਨ ਭਰ ਸਿਖਲਾਈ ਸੇਵਾ ਅਤੇ ਸਵੈ-ਸੇਵੀ ਖੇਤਰ ਨਾਲ ਹਿੱਸੇਦਾਰੀ ਵਿਚ ਮੁਢਲੀਆਂ ਤੇ ਜ਼ਰੂਰੀ ਹੁਨਰ ਸੇਵਾਵਾਂ ਦੀ ਪਛਾਣ ਅਤੇ ਉਨ੍ਹਾਂ ਦੀ ਵੰਡ ਲਈ ਤਜਵੀਜ਼ਾਂ ਵਿਕਸਿਤ ਕਰਨਾ।

## ਲਿੰਗੀ ਸਿਹਤ

ਸਥਾਨਕ ਪੱਧਰ ਤੇ ਏਕੀਕ੍ਰਿਤ ਲਿੰਗੀ ਸਿਹਤ ਸੇਵਾਵਾਂ ਵਿਕਸਿਤ ਕਰਨਾ ਜੋ ਹੇਠ ਲਿਖੇ ਟੀਚੇ ਪ੍ਰਾਪਤ ਕਰਨ :

- ਕਾਰਡਿਫ ਵਿਚ ਕਿਸ਼ੋਰ ਅਵਸਥਾ ਵਿਚ ਗਰਭ ਧਾਰਨ ਕਰਨ ਦੀਆਂ ਦਰਾਂ ਵਿਚ ਕਮੀ।
- ਜਿਨਸੀ ਸਬੰਧਾਂ ਰਾਹੀਂ ਫੈਲਣ ਵਾਲੀਆਂ ਬੀਮਾਰੀਆਂ ਹੇਠ ਅਤੇ ਉਨ੍ਹਾਂ ਦੀਆਂ ਪ੍ਰਬਲਤਾ ਵਿਚ ਕਮੀ।
- ਯਕੀਨੀ ਬਣਾਉਣਾ ਕਿ ਲੋਕਾਂ ਕੋਲ ਚੰਗੇ ਮਿਆਰ ਦੀ ਲਿੰਗੀ ਸਿਹਤ ਸਲਾਹ ਅਤੇ ਸੇਵਾਵਾਂ ਤੱਕ ਪਹੁੰਚ ਹੋਏ।
- ਯਕੀਨੀ ਬਣਾਉਣਾ ਕਿ ਕਾਰਡਿਫ ਵਿਚ ਸਾਰੇ ਨੌਜਵਾਨਾਂ ਨੂੰ ਚੰਗੀ ਮਿਆਰੀ ਲੰਗੀ ਸਿਹਤ ਸੇਲਾਹ ਅਤੇ ਸੇਵਾਵਾਂ ਤੱਕ ਪਹੁੰਚ ਮਿਲੇ।
- ਕਾਨੂੰਨੀ ਅਤੇ ਸਵੈ-ਸੇਵੀ ਏਜੰਸੀਆਂ ਦੀ ਸ਼ਮੂਲੀਅਤ ਵਾਲੇ ਇਕ ਹਿੱਸੇਦਾਰੀ ਵਾਲੇ ਰਵੱਈਏ ਰਾਹੀ. ਸੇਵਾਵਾਂ ਦੀ ਡਲਿਵਰੀ।

ਇਹ ਇਰਾਦਾ ਹੈ ਕਿ ਇਹ ਉਦੇਸ਼ ਹੇਠ ਲਿਖਿਆਂ ਰਾਹੀਂ ਪ੍ਰਾਪਤ ਕੀਤੇ ਜਾਣਗੇ :

- ਵਧੇਰੇ ਸਰਗਰਮ ਵਿਸ਼ਾਲ ਪਹੁੰਚ ਵਾਲੇ ਦਾਇਰੇ ਰਾਹੀਂ ਟੀਚੇ ਵਾਲੀ ਸਿਖਿਆ ਅਤੇ ਰੋਕਥਾਮ ਪ੍ਰੋਗਰਾਮਾਂ ਦੀ ਵਿਵਸਥਾ ਨੂੰ ਮਜ਼ਬੂਤ ਬਣਾਉਣਾ।
- Genito-urinary ਦਵਾਈ, ਪਰਿਵਾਰ ਨਿਯੋਜਨ ਅਤੇ ਮੁਢਲੀ ਦੇਖਭਾਲ ਦੇ ਮਾਹੌਲ ਰਾਹੀਂ ਮੌਜੂਦਾ ਤੌਰ ਤੇ ਮੁਹੱਈਆ ਕੀਤੀਆਂ ਜਾਂਦੀਆਂ ਲਿੰਗੀ ਸਿਹਤ ਸੇਵਾਵਾਂ ਤਰਕ-ਪੂਰਣ ਬਣਾਉਣਾ ਅਤੇ ਏਕਾਕ੍ਰਿਤ ਕਰਨਾ।
- ਟੈਸਟ ਅਤੇ ਇਲਾਜ, ਮੈਡੀਕਲ ਰੋਕਥਾਮ ਅਤੇ ਕੋਲਪੋਸਕੋਪੀ ਵਿਸ਼ੇਸ਼ ਮਿਥੇ ਹੋਏ ਗਰੁੱਪਾਂ ਲਈ ਵਿਸ਼ਾਲ ਪਹੁੰਚ ਵਾਲੇ ਦਾਇਰੇ ਵਿਚ ਟੈਸਟ ਮੁਹੱਈਆ ਕਰਾਉਣ ਲਈ ਹਿੱਸੇਦਾਰੀ ਵਿਚ ਕੰਮ, ਪਹੁੰਚ ਦੀ ਬਰਾਬਰੀ ਨੂੰ ਯਕੀਨੀ ਬਣਾਉਣ ਲਈ ਕੰਮ ਨੂੰ ਸ਼ਾਮਲ ਕਰਨ ਲਈ CRI ਵਿਖੇ ਮਾਹਰ ਜਿਨਸੀ ਸੰਬੰਧਾ ਰਾਹੀਂ ਫੈਲੀ ਲਾਗ ਅਤੇ ਲਿੰਗੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ।
- ਮਾਹਰ ਐਚ. ਆਈ. ਵੀ ਸੇਵਾਵਾਂ ਸਮੇਤ ਵੇਲਜ਼ ਦੇ ਯੂਨੀਰਵਸਿਟੀ ਹਸਪਤਾਲ ਵਿਚ ਮਾਹਰ ਸੇਵਾਵਾਂ ਮੁਹੱਈਆ ਕਰਨਾ, ਇਹ ਯਕੀਨੀ ਬਣਾਉਣਾ ਕਿ ਐਚ. ਆਈ. ਵੀ. ਦੇਖਭਾਲ ਦਾ ਭਵਿੱਖ ਦਾ ਮਾਡਲ, ਭਵਿੱਖ ਦੀ ਮੰਗ ਨੂੰ ਪੂਰਾ ਕਰਨ ਯੋਗ ਹੋਏ।

ਵਿਕਾਸ ਦੇ ਵਿਸ਼ੇਸ਼ ਖੇਤਰ ਜੋ ਉਪਰ ਲਿਖਿਆਂ ਦਾ ਅਧਾਰ ਹੋਣਗੇ, ਉਹ ਹਨ :

**ਨੀਤੀਗਤ ਯੋਜਨਾਬੰਦੀ**

- ਕਾਰਡਿਫ ਲਈ ਸਹਿਮਤੀ ਪ੍ਰਾਪਤ 3 tier ਏਕੀਕ੍ਰਿਤ ਲਿੰਗੀ ਸਿਹਤ ਸੇਵਾ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਨੀਤੀਗਤ ਹਿੱਸੇਦਾਰੀ ਫੋਰਮ ਵਾਲੇ ਕੰਮ ਕਰਨ ਦੀ APG ਦੀ ਭੂਮਿਕਾ ਨੂੰ ਮਜ਼ਬੂਤ ਕਰਨਾ।
- ਯਕੀਨੀ ਬਣਾਉਣਾ ਕਿ ਲਿੰਗੀ ਸਿਹਤ ਮੁੱਦਿਆਂ ਦੁਆਲੇ APG ਦਾ ਕੰਮ CYPF ਦੇ ਕੰਮ ਸਥਿਰ ਹਨ।
- ਲਿੰਗੀ ਸਿਹਤ ਲਈ ਦੇਖਭਾਲ ਪਾਥਵੇਅ ਦੇ ਲਾਗੂ ਕਰਨ ਵਿਚ ਔਰਤਾਂ ਦੀਆਂ ਸੇਵਾਵਾਂ ਦੀ ਸਮੀਖਿਆ ਨੂੰ ਧਿਆਨ ਵਿਚ ਰੱਖਣਾ।

**ਪਹੁੰਚ ਦੀ ਬਰਾਬਰੀ**

- ਸੇਵਾਵਾਂ ਦੀ ਜਾਗਰੂਕਤਾ ਨੂੰ ਬਿਹਤਰ ਬਣਾਉਣ ਲਈ ਯੋਜਨਾਵਾਂ ਵਿਕਸਿਤ ਕਰਨਾ ਅਤੇ ਨਵੇਂ ਸੇਵਾ ਮਾਡਲਾਂ ਨੂੰ ਲਾਗੂ ਕਰਨ ਦੇ ਸੰਦਰਭ ਵਿਚ ਵਧੀ ਹੋਈ ਸਿਖਿਆ/ਸਿਖਲਾਈ ਰਾਹੀਂ ਉਨ੍ਹਾਂ ਸੇਵਾਵਾਂ ਤੱਕ ਪਹੁੰਚ ਕਿਵੇਂ ਕੀਤੀ ਜਾਏ।
- BME ਗਰੁੱਪਾਂ ਅਤੇ ਸਮਲਿੰਗੀ ਆਦਮੀਆਂ ਲਈ ਲਿੰਗੀ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਬੇਹਤਰ ਬਣਾਉਣ ਲਈ ਮਿਥੇ ਹੋਏ ਕੰਮ ਲਈ ਤਜਵੀਜ਼ਾਂ ਨੂੰ ਵਿਕਸਿਤ ਕਰਨਾ।

**ਏਕੀਕ੍ਰਿਤ ਸੇਵਾ ਪ੍ਰਬੰਧ**

- ਖਾਕਾ ਬਣਾਉਣ ਅਤੇ ਮੌਜੂਦਾ ਵਿਵਸਥਾ/ਸਰੋਤਾਂ ਨੂੰ ਸੁਰੱਖਿਅਤ ਕਰਨ ਸਮੇਤ ਪੱਧਰ ਇਕ ਦੀ ਵਿਵਸਥਾ ਨੂੰ ਅੱਗੇ ਵਧਾਉਣ ਦੇ ਨੀਤੀਗਤ ਵਿਕਾਸ ਨਜ਼ਰੀਆ ਲੈਣਾ।
- ਪੱਧਰ ਦੋ ਦੀਆਂ ਸੇਵਾਵਾਂ ਨੂੰ ਲਾਗੂ ਕਰਨ ਦੇ ਸਮਰਥਨ ਲਈ ਇਕ ਕਾਰਜ ਯੋਜਨਾ ਵਿਕਸਿਤ ਕਰਨਾ।

**ਨਿਗਰਾਨ**

- ਐਚ ਆਈ ਵੀ/ਏਡਜ਼ ਨਾਲ ਪੀੜਤ ਲੋਕਾਂ ਦੇ ਨਿਗਰਾਨਾਂ ਦੇ ਸੰਬੰਧ ਵਿਚ ਕੀਤੇ ਜਾ ਰਹੇ ਮੌਜੂਦਾ ਕੰਮ ਦੀ ਸਮੀਖਿਆ ਕਰਨਾ ਅਤੇ ਨਿਗਰਾਨਾਂ ਲਈ ਸੇਵਾਵਾਂ ਦੀ ਮੁਖ ਧਾਰਾ ਦੀ ਯੋਜਨਾਬੰਦੀ ਨਾਲ ਇਸ ਕੰਮ ਨੂੰ ਜੋੜਨ ਲਈ ਤਜਵੀਜ਼ਾਂ ਦੀ ਪਛਾਣ ਕਰਨਾ

**ਨੌਜਵਾਨ ਵਿਅਕਤੀ**

- ਸੈਕੰਡਰੀ ਸਕੂਲਾਂ ਵਿਚ ਇਕੋ-ਥਾਂਈਂ ਮਿਲਣ ਵਾਲੀ ਸੂਚਨਾ ਕੇਂਦਰਾਂ ਦੇ ਵਿਕਾਸ ਨੂੰ ਸਮਰਥਨ ਦੇਣਾ
- ਸਿਹਤ ਜਾਣਕਾਰੀ ਦੀ ਵਿਵਸਥਾ ਦਾ ਸਮਰਥਨ
- ਬਹੁ-ਮੁਖੀ ਨਜ਼ਰੀਆ ਅਪਨਾਉਂਦੇ ਹੋਏ ਨੌਜਵਾਨ ਅਤੇ ਭਾਈਚਾਰਕ ਮਾਹੌਲ ਵਿਚ ਨੌਜਵਾਨ ਵਿਅਕਤੀਆਂ ਦੀ ਲਿੰਗੀ ਸਿਹਤ ਸੇਵਾ ਸਹੂਲਤ ਵਿਵਸਥਾ ਨੂੰ ਹੋਰ ਵਿਕਸਿਤ ਕਰਨਾ
- ਵਿਸ਼ੇਸ਼ ਸਿਖਲਾਈ ਪ੍ਰਾਪਤ ਕਾਮਿਆਂ ਦੀ ਵਰਤੋਂ ਕਰਦੇ ਹੋਏ ਨੁਕਸਾਨ ਵਾਲੇ ਖੇਤਰਾਂ, ਦੇਖਭਾਲ ਕੀਤੇ ਜਾਣ ਵਾਲੇ ਢਾਂਚੇ ਵਿਚ ਨੌਜਵਾਨਾਂ ਅਤੇ ਸਕੂਲ ਤੋਂ ਬਾਹਰ ਕੱਢੇ ਗਏ ਨੌਜਵਾਨਾਂ ਲਈ ਹਿੱਸੇਦਾਰੀ ਵਿਚ ਕੰਮ ਕਰਦੇ ਹੋਏ ਕੌਂਡਮ ਵੰਡ ਸਕੀਮ ਦਾ ਵਿਸਤਾਰ ਕਰਨਾ ਅਤੇ ਸੰਚਿਤ ਕਰਨਾ।
- ਜੀਵਨ ਯੋਗਤਾਵਾਂ ਅਤੇ ਬਹੁਮੁਖੀ ਮੁੱਦਿਆਂ 'ਤੇ ਕੇਂਦਰਿਤ ਬਹੁ-ਏਜੰਸੀ ਲਿੰਗੀ ਸਿਹਤ ਸਿਖਲਾਈ ਅਤੇ ਉਦਮ ਵਿਕਸਿਤ ਕਰਨਾ ਤੇ ਡਲਿਵਰੀ ਕਰਨਾ।
- ਸਕੂਲ ਸਿਹਤ ਨਰਸਿੰਗ ਸੇਵਾ ਨਾਲ ਵਿਸ਼ੇਸ਼ ਲਿੰਗੀ ਸਿਹਤ ਉਤਸ਼ਾਹਨ ਉਦਮ ਵਿਕਸਿਤ ਕਰਨਾ
- ਕਾਨੂੰਨੀ ਅਤੇ ਸਵੈ-ਸੇਵੀ ਖੇਤਰ ਨਾਲ ਸੰਯੁਕਤ ਨੀਤੀ ਅਤੇ ਮਸੌਦੇ ਦੇ ਵਿਕਾਸ ਦੁਆਲੇ ਕੰਮ ਲਾਗੂ ਕਰਨਾ
- ਸਕੂਲਾਂ ਵਿਚ ਜਿਣਸੀ ਅਤੇ ਸੰਬੰਧਾਂ ਬਾਰੇ ਸਿਖਿਆ ਦੇ ਪ੍ਰਬੰਧਾਂ ਦਾ ਸਮਰਥਨ ਕਰਨਾ।

## ਖਾਨਾਬਦੋਸ਼ ਅਤੇ ਯਾਤਰੂ

ਜਿਵੇਂ ਕਿ ਮੌਜੂਦਾ ਤੌਰ 'ਤੇ ਹੁਣ ਤੱਕ ਇਸ ਗਰੁਪ ਲਈ ਕੋਈ ਸੰਯੁਕਤ ਯੋਜਨਾਬੰਦੀ ਫੋਰਮ ਨਹੀਂ ਹੈ, ਇਹ ਤਜਵੀਜ਼ ਦਿੱਤੀ ਗਈ ਹੈ ਕਿ ਇਸ ਗਰੁਪ ਲਈ ਸੰਯੁਕਤ ਕਮਿਸ਼ਨਿੰਗ ਕਾਰਜ-ਨੀਤੀ ਵਿਕਸਿਤ ਕਰਨ ਲਈ ਇਕ ਟਾਸਕ ਐਂਡ ਫਿਨਿਸ਼ ਗਰੁਪ ਬਣਾਇਆ ਜਾਵੇਗਾ ਜੋ ਸੰਯੁਕਤ ਕਮਿਸ਼ਨਿੰਗ ਗਰੁਪ ਨੂੰ ਰਿਪੋਰਟ ਕਰੇਗਾ। ਮਾਰਚ 2004 ਵਿਚ ਕੀਤੇ ਖਾਨਾਬਦੋਸ਼ ਅਤੇ ਯਾਤਰੂ ਸੈਮੀਨਾਰ ਤੋਂ ਤਜਵੀਜ਼ਾਂ ਇਸ ਕੰਮ ਦੇ ਲਈ ਅਧਾਰ ਪ੍ਰਦਾਨ ਕਰਨਗੀਆਂ, ਜਿਸ ਵਿਚ ਸ਼ਾਮਲ ਹਨ:

- ਤਾਲਮੇਲ ਬੇਹਤਰ ਬਣਾਉਣ ਅਤੇ ਸੇਵਾਵਾਂ ਵਿਚ ਤਾਲਮੇਲ ਕਰਨ ਲਈ ਇਕ ਮਾਹਰ ਪੇਸ਼ੇਵਰ ਅਹੁਦੇ ਦੀ ਸਥਾਪਨਾ ਕਰਨਾ।
- ਇਕ ਵੈਲ-ਪਰਸਨ ਕਲਿਨਿਕ ਦੀ ਸਥਾਪਨਾ ਕਰਨਾ।
- ਤਸਵੀਰਾਂ ਨਾਲ ਸਿਹਤ ਉਤਸਾਹਨ/ਜਾਣਕਾਰੀ ਦਾ ਉਤਪਾਦਨ ਕਰਨਾ।
- ਵਿਦਿਅਕ ਨਿਵੇਸ਼ ਨਾਲ ਸਮਾਜਕ ਪ੍ਰੋਗਰਾਮਾਂ ਲਈ ਸਹੂਲਤਾਂ ਵਿਕਸਿਤ ਕਰਨਾ।
- ਕੌਂਸਲ ਦੀਆਂ ਥਾਵਾਂ 'ਤੇ ਵਾਤਾਵਰਣਿਕ ਅਤੇ ਸਿਹਤ ਤੇ ਸੁਰੱਖਿਆ ਮੁੱਦਿਆਂ ਨੂੰ ਸੰਬੋਧਨ ਕਰਨਾ।
- ਭਾਈਚਾਰੇ ਦੀ ਸਮਰੱਥਾ ਬਿਲਡਿੰਗ ਬਣਾਉਣਾ

## ਅਗਲੇ ਕਦਮ

ਕਾਰਡਿਫ ਲਈ ਸਿਹਤ, ਸਮਾਜਕ ਦੇਖਭਾਲ ਅਤੇ ਭਲਾਈ ਦੀ ਕਾਰਜ-ਨੀਤੀ ਸਮੇਂ-ਸਮੇਂ 'ਤੇ ਬਦਲਣ ਅਤੇ ਢਾਲਣ ਲਈ ਕਾਫੀ ਲਚਕ ਵਾਲਾ ਇਕ ਜੀਵਤ ਦਸਤਾਵੇਜ਼ ਹੋਵੇਗਾ। ਇਸ ਕਰਕੇ ਇਸ ਦਾ ਵਿਕਾਸ ਕਾਰਡਿਫ ਦੇ ਲੋਕਾਂ ਦੀ ਸਿਹਤ ਅਤੇ ਭਲਾਈ ਵਿਚ ਬੇਹਤਰੀ ਲਿਆਉਣ ਦੇ ਸਫਰ ਵਿਚ ਕਾਫੀ ਹੱਦ ਤੱਕ ਇਕ ਪਹਿਲਾ ਕਦਮ ਹੈ। ਕਾਰਜ-ਨੀਤੀ ਦੀ ਦੂਰਦ੍ਰਿਸ਼ਟੀ ਨੂੰ ਇਕ ਸੱਚਾਈ ਬਣਾਉਣ ਲਈ ਬਹੁਤ ਸਾਰਾ ਕੰਮ ਕਰਨ ਦੀ ਲੋੜ ਹੋਵੇਗੀ।

ਅਜਿਹਾ ਹੋਣ ਲਈ, ਕਈ ਸਾਰੀਆਂ ਮਹੱਤਵਪੂਰਨ ਪ੍ਰਕ੍ਰਿਆਵਾਂ ਇਕ ਲੜੀ ਵਿਚ ਸਥਾਪਤ ਕੀਤੀਆਂ ਜਾਣਗੀਆਂ, ਜੋ ਹੇਠ ਲਿਖਿਆਂ ਦਾ ਸਮਰਥਨ ਕਰਨਗੀਆਂ:

- ਅਗਲੇ 3 ਸਾਲਾਂ ਦੌਰਾਨ ਕਾਰਡਿਫ ਵਿਚ ਸਿਹਤ ਅਤੇ ਸਮਾਜਕ ਭਲਾਈ ਸੇਵਾਵਾਂ ਦੇ ਵਿਕਾਸ ਲਈ ਨੀਤੀਗਤ ਢਾਂਚਾ ਮੁਹੱਈਆ ਕਰਨ ਲਈ ਕਾਰਡਿਫ ਦੇ ਸਿਹਤ ਅਤੇ ਸਮਾਜਕ ਭਲਾਈ ਭਾਈਚਾਰੇ ਵੱਲੋਂ ਕਾਰਜ-ਨੀਤੀ ਦੀ ਵਰਤੋਂ
- ਸਪੱਸ਼ਟ ਮੀਲਪੱਥਰਾਂ ਨਾਲ ਤਜਵੀਜ਼ਾਂ ਦਾ ਹੋਰ ਵਿਸਤ੍ਰਿਤ ਕਾਰਜ ਯੋਜਨਾਵਾਂ ਵਿਚ ਅੱਗੇ ਵਿਕਾਸ
- ਕਾਰਜ-ਨੀਤੀ ਨੂੰ ਸਥਾਨਕ ਸਿਹਤ ਬੋਰਡ ਅਤੇ ਕੌਂਸਲ ਦੇ ਮੁਖ ਕੋਰ ਕੰਮ ਵਿਚ ਏਕੀਕ੍ਰਿਤ ਕਰਨਾ
- ਕਾਰਡਿਫ ਵਿਚ ਸੰਯੁਕਤ ਯੋਜਨਾਬੰਦੀ ਪ੍ਰਕ੍ਰਿਆ ਨੂੰ ਹੋਰ ਮਜਬੂਤ ਬਣਾਉਣਾ
- ਸਿਹਤ ਕਾਨੂੰਨ 1999 ਨਰਮੀਆਂ ਦੁਆਰਾ ਮੁਹੱਈਆ ਕੀਤੇ ਗਏ ਮੌਕਿਆਂ ਨੂੰ ਵਰਤਣਾ

2006 ਦੀ ਸ਼ੁਰੂਆਤ ਵਿਚ ਹੀ 2008-13 ਦੀ ਕਾਰਜ-ਨੀਤੀ ਦੀ ਪ੍ਰਕ੍ਰਿਆ ਸ਼ੁਰੂ ਕਰਨ ਦੀ ਲੋੜ ਹੋਵੇਗੀ।

### ਪ੍ਰਬੰਧਾਂ ਦੀ ਨਿਗਰਾਨੀ ਅਤੇ ਸਮੀਖਿਆ

ਕਾਰਡਿਫ ਦੀ ਭਾਈਚਾਰਕ ਕਾਰਜ-ਨੀਤੀ ਦੇ ਹਿੱਸੇ ਵਜੋਂ, ਕਾਰਡਿਫ ਸਿਹਤ ਗਠਜੋੜ ਵੱਲੋਂ ਭਾਈਚਾਰਕ ਕਾਰਜ-ਨੀਤੀ ਲਾਗੂ ਕਰਨ ਦੇ ਗਰੁਪ (CPIG) ਦੇ ਵਾਸਤੇ ਸਿਹਤ ਸਮਾਜਕ ਦੇਖਭਾਲ ਅਤੇ ਭਲਾਈ ਕਾਰਜ-ਨੀਤੀ ਦੀ, ਸੰਪੂਰਨ ਰੂਪ ਵਿਚ ਨਿਗਰਾਨੀ ਕੀਤੀ ਜਾਵੇਗੀ। ਸਿਹਤ ਗਠਜੋੜ, ਸੰਯੁਕਤ ਯੋਜਨਾਬੰਦੀ ਪ੍ਰਬੰਧਾਂ ਦੇ ਸਿਖਰ 'ਤੇ, ਕਾਰਜ-ਨੀਤੀ ਦੀ ਤਰੱਕੀ ਬਾਰੇ ਨਿਯਮਿਤ ਰੂਪ ਵਿਚ ਤਾਜ਼ਾ ਰਿਪੋਰਟਾਂ ਪ੍ਰਾਪਤ ਕਰੇਗਾ ਅਤੇ ਬਦਲੇ ਵਿਚ ਸੀਪੀਆਈਜੀ (CPIG) ਨੂੰ ਸੂਚਿਤ ਰਿਪੋਰਟ ਕਰੇਗਾ।

ਸਲਾਹਕਾਰੀ ਯੋਜਨਾਬੰਦੀ ਗਰੁਪ (APGs) ਹਰੇਕ ਮੁਹਾਰਤ ਦੇ ਅੰਦਰ ਪ੍ਰਬੰਧਾਂ ਦੀ ਵਿਸਤਰਿਤ ਨਿਗਰਾਨੀ ਅਤੇ ਸਮੀਖਿਆ ਕਰਨ ਲਈ ਜ਼ਿੰਮੇਵਾਰ ਹੋਣਗੇ ਅਤੇ ਉਹਨਾਂ ਦੇ ਗਾਹਕ ਗਰੁਪ ਨਾਲ ਸੰਬੰਧਤ ਕਾਰਜ-ਨੀਤੀ ਦੇ ਆਪਣੇ ਪ੍ਰਭਾਵ ਅਤੇ ਸਿੱਟਿਆਂ ਅਤੇ ਇਸ ਦੇ ਤੱਤਾਂ ਨੂੰ ਸੌਂਪਣ ਦੀ ਹਿੱਸੇਦਾਰੀ ਵਾਲੀ ਪ੍ਰਕ੍ਰਿਆ ਦੀ ਸਮੀਖਿਆ ਕਰਨਗੇ। ਜੇਸੀਜੀ (JCG) ਸਿਹਤ ਉਤਸਾਹਨ ਪ੍ਰਚਾਰ ਵਰਗੇ ਵਿਸ਼ਾਲ ਮੁੱਦਿਆਂ ਅਤੇ ਇਕ ਦੂਜੇ ਨੂੰ ਕੱਟਦੇ ਵਿਸ਼ਿਆਂ ਦੀ ਨਿਗਰਾਨੀ ਕਰਨਗੇ।

ਕਾਰਜ-ਨੀਤੀ ਅਤੇ ਵਿਤੀ ਪ੍ਰਬੰਧਨ ਦੇ ਸਮੁੱਚੇ ਰੂਪ ਵਿਚ ਲਾਗੂ ਹੋਣ ਲਈ ਜ਼ਿੰਮੇਵਾਰ ਹੋਣ ਦੀ ਸਾਰੀ ਜ਼ਿੰਮੇਵਾਰੀ ਕਾਨੂੰਨੀ ਹਿੱਸੇਦਾਰਾਂ, ਕਾਰਡਿਫ ਸਥਾਨਕ ਸਿਹਤ ਬੋਰਡ ਅਤੇ ਕਾਰਡਿਫ ਕਾਊਂਟੀ ਕੌਂਸਲ ਦੀ ਹੈ ਅਤੇ ਇਹ ਉਹਨਾਂ ਦੇ ਸੰਬੰਧਤ ਸ਼ਾਸਨ ਪ੍ਰਬੰਧਾਂ ਰਾਹੀਂ ਹਰੇਕ ਸੰਗਠਨ ਵੱਲੋਂ ਪ੍ਰਵਾਨਤ ਹੋਵੇਗਾ ਅਤੇ ਸੂਚਿਤ ਕੀਤਾ ਜਾਵੇਗਾ। ਸਥਾਨਕ ਸਿਹਤ ਬੋਰਡ ਅਤੇ ਕਾਰਡਿਫ ਕੌਂਸਲ ਐਨ ਐਚ ਐਸ ਐਕਟ ਨਰਮੀਆਂ ਤਹਿਤ ਰਸਮੀ ਇਕੱਠੇ ਕੀਤੇ ਗਏ ਬਜਟ ਅਤੇ ਸੰਯੁਕਤ ਕਮਿਸ਼ਨਿੰਗ ਪ੍ਰਬੰਧਾਂ ਬਾਰੇ ਜਾਣਨਾ ਚਾਹੁਣਗੇ।

ਸਿਹਤ ਗਠਜੋੜ ਇਸ ਸੰਬੰਧ ਵਿਚ ਕਾਰਜ-ਨੀਤੀ ਦੇ ਲਾਗੂ ਕੀਤੇ ਜਾਣ ਲਈ ਮਿਆਰਾਂ ਨੂੰ ਯਕੀਨੀ ਬਣਾਏਗਾ:

- ਤਜਵੀਜ਼ਾਂ ਦੀ ਵਿਸਤਰਿਤ ਯੋਜਨਾਬੰਦੀ, ਉਹਨਾਂ ਨੂੰ ਲਾਗੂ ਕਰਨਾ ਅਤੇ ਉਹਨਾਂ ਦੀ ਨਿਗਰਾਨੀ ਵਿਚ ਸਰਕਾਰ ਅਤੇ ਭਾਈਵਾਲਾਂ ਦਾ ਦਖਲ ਯਕੀਨੀ ਬਣਾਉਣਾ
- ਭਾਈਚਾਰਾ ਯੋਜਨਾ ਨਾਲ ਨਿਰੰਤਰ ਨੀਤੀਗਤ ਸੇਧ ਨੂੰ ਯਕੀਨੀ ਬਣਾਉਣਾ

- ਮਹੱਤਵਪੂਰਨ ਭਾਈਵਾਲਾਂ ਨਾਲ ਕਾਰਜ-ਨੀਤੀ ਦੇ ਲਾਗੂ ਹੋਣ ਬਾਰੇ ਤਰੱਕੀ ਨੂੰ ਸਾਂਝਾ ਕਰਨਾ।
- ਐਨ ਐਚ ਐਸ ਅਤੇ ਸਥਾਨਕ ਸਰਕਾਰ ਦੇ ਅੰਦਰ ਦੂਜੀਆਂ ਪ੍ਰਮੁਖ ਯੋਜਨਾ ਵਿਧੀਆਂ ਨਾਲ ਇਕ ਅੰਦਰੂਨੀ ਤਾਲਮੇਲ ਅਤੇ ਨੀਤੀਗਤ ਸਬੰਧ ਸਥਾਪਤ ਕਰਨਾ।
- ਸਮੀਖਿਆ ਦੀ ਪ੍ਰਕ੍ਰਿਆ ਵਿਚ, ਹੇਠ ਲਿਖੇ ਸਵਾਲਾਂ ਨੂੰ ਸੰਬੋਧਨ ਕਰਨ ਲਈ ਕਾਰਗੁਜ਼ਾਰੀ ਸੂਚਕ ਵਿਕਸਿਤ ਕੀਤੇ ਜਾਣਗੇ:
  - ਕੀ ਕਾਰਜ-ਨੀਤੀ ਐਕਸ਼ਨ ਅਤੇ ਸੇਵਾਵਾਂ ਦੀਆਂ ਪ੍ਰਤੀਕ੍ਰਿਆਵਾਂ ਅਤੇ ਸਿੱਟੇ ਸਹੀ ਸਨ?
  - ਕੀ ਉਹ ਪੂਰੇ ਭਾਈਚਾਰੇ ਦੀਆਂ ਲੋੜਾਂ ਪੂਰੀਆਂ ਕਰਦੇ ਸਨ?
  - ਕਿਸ ਦੀਆਂ ਲੋੜਾਂ ਪੂਰੀਆਂ ਨਹੀਆਂ ਹੋਈਆਂ?
  - ਕੀ ਲਾਗਤ ਕਿਫਾਇਤੀ ਸੀ?
  - ਕੀ ਕੰਮਕਾਜੀ ਪੱਧਰ ਦਾ ਸੰਯੁਕਤ ਕੰਮਕਾਜ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ ਜਿਵੇਂ ਕਿ ਅਸੀਂ ਨਿਗਰਾਨੀ ਦੇਖਭਾਲ ਦੀ ਦੇਰੀ ਨਾਲ ਤਬਾਦਲੇ ਦੇ ਪ੍ਰਬੰਧਾਂ ਵਿਚ ਕਿਹੋ ਜਿਹੀ ਕਾਰਗੁਜ਼ਾਰੀ ਕੀਤੀ?
  - ਕੀ ਸਥਾਨਕ ਅਥਾੱਰਟੀ ਹਾਊਸਿੰਗ, ਸਿੱਖਿਆ, ਵਾਤਾਵਰਨਿਕ ਸੇਵਾਵਾਂ, ਆਵਾਜਾਈ, ਵਿਹਲ ਸੇਵਾਵਾਂ ਅਤੇ ਸਰਕਾਰੀ ਸਿਹਤ ਵਿਭਾਗ ਬਿਲਕੁਲ ਉਸੇ ਤਰ੍ਹਾਂ ਸ਼ਾਮਲ ਸਨ, ਜਿਵੇਂ ਉਹਨਾਂ ਨੂੰ ਹੋਣਾ ਚਾਹੀਦਾ ਸੀ?

ਏ ਪੀ ਜੀਜ਼ ਤੋਂ ਇਹ ਯਕੀਨੀ ਬਣਾਉਣ ਦੀ ਵੀ ਉਮੀਦ ਕੀਤੀ ਜਾਵੇਗੀ ਕਿ ਸੇਵਾ ਵਰਤਣ ਵਾਲਿਆਂ ਅਤੇ ਨਿਗਰਾਨਾਂ ਨੂੰ ਜਾਂ ਤਾਂ ਸਿੱਧੀ ਪ੍ਰਤੀਨਿਧਤਾ ਜਾਂ ਵਿਸ਼ਾਲ ਨੈਟਵਰਕ ਨਾਲ ਨਿਯਮਿਤ ਰੂਪ ਵਿਚ ਰੁਝੇਵਿਆਂ ਰਾਹੀਂ ਯੋਜਨਾਬੰਦੀ ਵਿਚ ਸ਼ਾਮਲ ਕੀਤਾ ਜਾਵੇਗਾ। ਯੋਜਨਾਬੰਦੀ ਢਾਂਚੇ ਸੇਵਾ ਵਰਤਣ ਵਾਲਿਆਂ ਪ੍ਰਤੀ ਜ਼ਿੰਮੇਵਾਰ ਹੋਣੇ ਚਾਹੀਦੇ ਹਨ ਅਤੇ ਉਹਨਾਂ ਦੇ ਸਰੋਕਾਰਾਂ ਅਤੇ ਮਸ਼ਵਰਿਆਂ 'ਤੇ ਕੰਮ ਕਾਰਵਾਈ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਇਕ ਜ਼ਿਆਦਾ ਵਿਸ਼ਵਾਸਯੋਗ ਸੰਬੰਧ ਬਣਦਾ ਹੈ ਜਿਥੇ ਸੇਵਾ ਵਰਤਣ ਵਾਲੇ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਸੁਣਿਆ ਗਿਆ ਹੈ ਅਤੇ ਇਸ ਕਰਕੇ ਸੇਵਾਵਾਂ ਹੋਰ ਨਿਰੰਤਰਤਾ ਨਾਲ ਵਿਕਸਿਤ ਕੀਤੀਆਂ ਗਈਆਂ ਹਨ।

ਕਾਰਜ-ਨੀਤੀ ਦੇ ਵਿਸਤਾਰ ਅਤੇ ਕਾਰਜ-ਖੇਤਰ ਦੇ ਪੱਧਰ ਦਾ ਮਤਲਬ ਹੈ ਕਿ ਨਤੀਜੇ ਤੁਰੰਤ ਹੀ ਸਾਹਮਣੇ ਨਹੀਂ ਆਉਂਦੇ। ਹਾਲਾਂਕਿ ਸਾਰੇ ਹਿੱਸੇਦਾਰਾਂ ਵੱਲੋਂ ਕੀਤੇ ਸਾਰੇ ਕਾਰਜ ਕਾਰਜ-ਨੀਤੀ ਦੇ ਸਿਧਾਂਤਾਂ ਪ੍ਰਤੀ ਮੌਜੂਦਾ ਸਰੋਤਾਂ ਦੀ ਵਰਤੋਂ ਵਧਾਉਣ ਅਤੇ ਵਸੋਂ ਦੀ ਸਿਹਤ ਅਤੇ ਭਲਾਈ ਨੂੰ ਬੇਹਤਰ ਬਣਾਉਣ ਲਈ ਹੀ ਕੀਤੇ ਜਾਣੇ ਚਾਹੀਦੇ ਹਨ।